


# ਵਗਦੀ ਰਹੇ ਝਨਾਂ

**ਏਸੇ ਕਲਮ ਤੋਂ :**

| | | |
|---|---|---|
| ਰਿਸ਼ਤਿਆਂ ਦਾ ਜੰਗਲ | (ਕਾਵਿ/ਗ਼ਜ਼ਲ ਸੰਗ੍ਰਹਿ) | 1989 |
| ਸੱਚ ਤੇ ਸੂਲੀ | (ਕਾਵਿ ਸੰਗ੍ਰਹਿ) | 1993 |
| ਸਿਮਟੇ ਹੋਏ ਪਲ | (ਕਾਵਿ ਸੰਗ੍ਰਹਿ) | 1998 |
| ਕਤਰਾ ਕਤਰਾ ਨੂਰ | (ਗ਼ਜ਼ਲ ਸੰਗ੍ਰਹਿ) | 2002 |
| ਫੁੱਲ ਬਣੇ ਅੰਗਿਆਰ | (ਕਾਵਿ ਸੰਗ੍ਰਹਿ) | 2006 |
| ਨਿਰੰਜਨ ਸਿੰਘ ਨੂਰ : ਸਿਮਰਤੀ ਗ੍ਰੰਥ | (ਸੰਪਾਦਨਾ) | 2009 |
| ਉਸ ਨੇ ਕਿਹਾ | (ਸੰਵਾਦੀ ਕਵਿਤਾ) | 2010 |
| ਚਾਨਣ ਦੀ ਬਾਤ | (ਗ਼ਜ਼ਲ ਸੰਗ੍ਰਹਿ) | 2013 |
| ਮਸ਼ਾਲ | (ਗ਼ਜ਼ਲ ਸੰਗ੍ਰਹਿ) | 2015 |

# ਵਗਦੀ ਰਹੇ ਝਨਾਂ

ਭੂਪਿੰਦਰ ਸਿੰਘ ਸੱਗੂ

# VAGDI RAHE JHENAH

(An Anthology of Ghazals)

*by*

BHUPINDER SINGH SAGOO
61, Flower Street
WOLVERHAMPTON
WV2 - 3JD
ENGLAND
+44(0)7501038048
+44(0)7951470034
mail: bsagoo1@googlemail.com
youtube:bhupindersagooji

ISBN:
2017

ਉਨ੍ਹਾਂ ਉਸਤਾਦ ਜਨਾਂ ਦੀ ਨਜ਼ਰ
ਜਿਨ੍ਹਾਂ ਨੇ ਮੈਨੂੰ ਲਿਖਣ ਦੀ ਸੋਧ,
ਪ੍ਰੇਰਨਾ ਤੇ ਮਾਰਗ ਦਰਸ਼ਨ
ਦਿੱਤਾ ਹੈ।

## ਕੀ ਕਿੱਥੇ


ਝਨਾਂ ਦਾ ਮੁਹੱਬਤੀ ਪਾਣੀ ..... 7
ਦਰਿਆ ਦੀ ਕਿਸ਼ਤੀ ..... 9
ਜੂਝਣ ਵਾਲਾ ਸ਼ਾਇਰ ..... 13
ਮੋਹ-ਮੁਹੱਬਤ ..... 14
ਧਨਵਾਦ ..... 16
ਵਗਦੀ ਰਹੇ ਝਨਾਂ ..... 18
ਝਨਾਂ ਦਾ ਪਾਣੀ ..... 19
ਸਾਗਰ ਕੰਢੇ ..... 20
ਯੋਗੀ ..... 21
ਅਪਣੀ ਮੌਜ ..... 22
ਝੱਖੜ ਦੇ ਆਸਾਰ ..... 23
ਤੂੰ ਕੀ ਜਾਣੇਂ ..... 24
ਹਾਲ ਦਿਲ ਦਾ ..... 25
ਸੁਹਾਨੀ ਸ਼ਾਮ ..... 26
ਵਸਲ ਦਾ ਗੀਤ ..... 27
ਲੋਅ ਲੈ ਕੇ ..... 28
ਇਹ ਮਿਸਾਲੀ ..... 29
ਰੁੱਖ਼ਾਂ ਨਾਲੋਂ ..... 30
ਚਿਹਰੇ ਪੋਚੇ ..... 31
ਵਕਤ ..... 32
ਔਝੜੇ ਪੈਂਡੇ ..... 33
ਜਿੰਦ ਮੇਰੀ ..... 34
ਬੀਤੇ ਵਕਤ ..... 35
ਪੀੜਾਂ ਦਾ ..... 36
ਸਜਾਵਟ ਨੂੰ ਦੇਖੋ ..... 37
ਮੁੜ ਮੁੜ ਕੇ ..... 38
ਬਾਗ਼ਾਂ ਦੇ ..... 39
ਓਧਰ ਮੰਦਰ ..... 40
ਸ਼ਹਿਰ ਤਿਰੇ ..... 41
ਮਨ ਦੀ ..... 42
ਦਰਦ ..... 43
ਰਹਿੰਦੇ ਨੇ ..... 44
ਇਉਂ ਨਾ ..... 45
ਦੇਖੋ ..... 46
ਜ਼ਿੰਦਗੀ ..... 47
ਰੰਗ ..... 48
ਝੂਠੇ ..... 49
ਪਤਝੜਿਆ ..... 50
ਏਸ ਪਹਾੜੀ ..... 52
ਆਪਣੇ ..... 52
ਕੁਰਸੀ ..... 53
ਸਾਡਾ ਰਹਿਬਰ ..... 54
ਨਾਲ ਮਿਰੇ ..... 55
ਤਮ੍ਹਾ ..... 56
ਕਦੀ ਕਦੀ ..... 57
ਕਿੰਜ ਨੀਂਦ ..... 58
ਰਾਹੀ ..... 59
ਮੌਤ ਤੋਂ ..... 60
ਸੌਂ ਰਹੇ ..... 61
ਕਦੋਂ ਤਕ ..... 62
ਦੇਖ ਕੇ ..... 63
ਪੁੱਛੋ ਨਾ ..... 64
ਦਿਲਾਂ ਵਿਚ ..... 65
ਜਦ ਕਦੇ ..... 66
ਮੋਢੇ ਰਫ਼ਲਾਂ ..... 67
ਆਪੇ ਹੱਸਾਂ ..... 68
ਰਿਸ਼ਤਿਆਂ ਵਿਚ ..... 69
ਦਿਨ ਰਾਤ ..... 70
ਇਹ ਦੁਨੀਆਂ ..... 71
ਕੁਰਸੀ ਉੱਤੇ ..... 72
ਨਾਲ ਫ਼ਕੀਰਾਂ ..... 73
ਏਸ ਜ਼ਜ਼ੀਰੇ ..... 74
ਮੱਥੇ ..... 75
ਕੌਣ ਤਪਸਵੀ ..... 76
ਬੜੀ ਹੀ ..... 77
ਆਹਲਣਿਆਂ ਨੂੰ ..... 78
ਜਿੰਦ ਚੁਰਾਹੇ ..... 79
ਫ਼ਿਕਰ ..... 80
ਮੇਰੇ ਬਾਰੇ ..... 81
ਸੂਲੀ ..... 82
ਸਿਆਸਤ ..... 83
ਮੈਂ ਸ਼ਬਦਾਂ ..... 84
ਪੰਡਤ, ਭਾਈ ..... 85
ਅਪਣੀ ਭੁੱਖ ..... 86
ਕਿਸ ਬਹਾਨੇ ..... 87
ਸਿਆਸੀ ਕਾਂ ..... 88
ਮੇਰਾ ਦਿਲ ..... 89
ਤੋੜ ਨਿਭਾਂਦੇ ..... 90
ਖ਼ੁਸ਼ੀਆਂ ..... 91
ਤੁਸੀਂ ਚਾਰ ਦਿਨ ..... 92
ਬੜੇ ਚਿਰ ..... 93
ਤੂੰ ਮੇਰੇ ਵਲ ..... 94
ਤੇਰੇ ਹੁਸਨ ..... 95
ਸੇਜ ..... 96




# ਝਨਾਂ ਦਾ ਮੁਹੱਬਤੀ ਪਾਣੀ
# ਭੂਪਿੰਦਰ ਸਿੰਘ ਸੱਗੂ

*– ਗੁਰਦਿਆਲ ਰੌਸ਼ਨ*

ਅਰਬੀ ਤੇ ਫ਼ਾਰਸੀ ਤੋਂ ਉਰਦੂ ਵਿਚ ਤੇ ਉਰਦੂ ਤੋਂ ਪੰਜਾਬੀ ਵਿਚ ਪ੍ਰਵੇਸ਼ ਹੋਈ ਗ਼ਜ਼ਲ ਦਾ ਸਫ਼ਰ ਭਾਵੇਂ ਬਹੁਤਾ ਪੁਰਾਣਾ ਨਹੀਂ ਹੈ ਪਰ ਮਾਣ ਮੱਤਾ ਹੈ। ਪੰਜਾਬੀ ਵਿਚ ਤਾਂ ਇਸ ਸਿਨਫ਼ ਨੇ ਥੋੜ੍ਹੇ ਸਮੇਂ ਵਿਚ ਹੀ ਕਵਿਤਾ ਦੀ ਸਿਖਰ ਨੂੰ ਜਾ ਛੋਹਿਆ ਹੈ। ਇਸ ਵੇਲੇ ਇਹ ਪੰਜਾਬੀ ਸ਼ਾਇਰਾਂ ਵਿਚ ਸਭ ਤੋਂ ਵੱਧ ਮਕਬੂਲ ਵਿਧਾ ਹੈ ਤੇ ਇਸ ਦੇ ਪਾਠਕਾਂ ਦਾ ਬਹੁਤ ਵੱਡਾ ਦਾਇਰਾ ਹੈ। ਪੰਜਾਬੀ ਵਿਚ ਸੰਜੀਦਗੀ ਨਾਲ ਇਸ ਸਬੰਧੀ ਸੱਠਵਿਆਂ ਤੋਂ ਬਾਅਦ ਸਿਰਜਣ ਕਾਰਜ ਸ਼ੁਰੂ ਹੋਇਆ ਤੇ ਸੱਤਰਵਿਆਂ ਤੋਂ ਬਾਅਦ ਇਸ ਨੇ ਅਲੋਚਕਾਂ ਦਾ ਮੂੰਹ ਬੰਦ ਕਰ ਦਿੱਤਾ ਤੇ ਆਪਣੀ ਹੋਂਦ ਦੇ ਝੰਡੇ ਬੁਲੰਦ ਕਰਨੇ ਸ਼ੁਰੂ ਕੀਤੇ। ਇਸ ਤੋਂ ਬਾਅਦ ਪੰਜਾਬੀ ਗ਼ਜ਼ਲ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਅਜ ਇਹ ਆਪਣੇ ਖ਼ੂਬਸੂਰਤ ਮੁਕਾਮ ’ਤੇ ਖੜ੍ਹੀ ਹੈ। ਬਰਤਾਨਵੀਂ ਪੰਜਾਬੀ ਗ਼ਜ਼ਲ ਵੀ ਨਾਲ ਨਾਲ ਚਲਦੀ ਰਹੀ ਹੈ। ਇਸ ਦੀਆਂ ਆਪਣੀਆਂ ਕੁਝ ਮਜਬੂਰੀਆਂ ਸਨ ਜਿਨ੍ਹਾਂ ਕਾਰਨ ਇਹ ਪੰਜਾਬੀ ਗ਼ਜ਼ਲ ਸਮੀਖਿਆ ਦਾ ਢੁਕਵਾਂ ਹਿੱਸਾ ਨਹੀਂ ਬਣ ਸਕੀ। ਪਰ ਪਿਛਲੇ ਦੋ ਦਹਾਕਿਆਂ ਤੋਂ ਬਰਤਾਨਵੀ ਪੰਜਾਬੀ ਗ਼ਜ਼ਲਕਾਰ ਕਾਫ਼ੀ ਸੁਚੇਤ ਹੋਏ ਹਨ ਤੇ ਇਸ ਖ਼ੇਤਰ ਵਿਚ ਨਿੱਗਰ ਕੰਮ ਹੋ ਰਿਹਾ ਹੈ। ਬਰਤਾਨਵੀ ਗ਼ਜ਼ਲਕਾਰਾਂ ਨੇ ਵੀ ਅਰੂਜ਼ (ਗ਼ਜ਼ਲ ਵਿਧਾਨ) ਦੀ ਮਹੱਤਤਾ ਨੂੰ ਜਾਣਿਆਂ ਹੈ ਤੇ ਇਸ ਨੂੰ ਜੋਸ਼ ਖ਼ਰੋਸ਼ ਨਾਲ ਅਪਣਾਇਆ ਹੈ। ਹੁਣ ਏਥੇ ਵੀ ਨਵੇਂ ਪੁਰਾਣੇ ਪਰਪੱਕ ਗ਼ਜ਼ਲਕਾਰਾਂ ਦਾ ਵਧੀਆ ਕਾਫ਼ਿਲਾ ਬਣ ਗਿਆ ਹੈ। ਅਰੂਜ਼ ਗ਼ਜ਼ਲ ਵਿਚ ਸੁੰਦਰਤਾ ਤੇ ਅਕਰਸ਼ਣ ਪੈਦਾ ਕਰਨ ਲਈ ਅਸੂਲ ਹਨ ਜਿਨ੍ਹਾਂ ਨੂੰ ਸਹਿਜ ਨਾਲ ਅਪਣਾਇਆ ਜਾ ਸਕਦਾ ਹੈ ਤੇ ਅਭਿਆਸ ਨਾਲ ਇਹ ਕਿਸੇ ਵੀ ਗ਼ਜ਼ਲਕਾਰ ਦੀ ਗ਼ਜ਼ਲ ਵਿਚ ਪ੍ਰਵੇਸ਼ ਕਰਦੇ ਜਾਂਦੇ ਹਨ। ਸ਼ੁਰੂਆਤੀ ਸਮੇਂ ਵਿਚ ਗੁਣਗੁਣਾ ਕੇ ਤੇ ਜ਼ੁਬਾਨ ਵਿਚ ਸ਼ਬਦੀ ਸੰਚਾ ਬਣਾ ਕੇ ਬਰਵਜ਼ਨ ਗ਼ਜ਼ਲ ਕਹੀ ਜਾ ਸਕਦੀ ਹੈ। ਕਿਸੇ ਮੰਝੇ ਹੋਏ ਗ਼ਜ਼ਲਕਾਰ ਦੀ ਅਗਵਾਈ ਐਬ ਤੇ ਖ਼ੂਬੀਆਂ ਬਾਰੇ ਗਿਆਨ ਸਬੰਧੀ ਲਾਹੇਵੰਦੀ ਸਾਬਿਤ ਹੁੰਦੀ ਹੈ। ਬਰਤਾਨੀਆਂ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਵੀ ਗ਼ਜ਼ਲ ਦੀ ਹਰਮਨਪਿਆਰਤਾ ਪੰਜਾਬ ਨਾਲੋਂ ਘੱਟ ਨਹੀਂ ਹੈ। ਪਰਵਾਸੀ ਪੰਜਾਬੀ ਗ਼ਜ਼ਲਕਾਰਾਂ ਦੇ ਪੰਜਾਬੀ ਗ਼ਜ਼ਲ ਨੂੰ ਦਿੱਤੇ ਮਾਣ ਨੂੰ ਘੱਟ ਨਹੀਂ ਆਂਕਿਆ ਜਾ ਸਕਦਾ। ਕਈ ਨਾਮਵਰ ਤੇ ਉਸਤਾਦ ਹਸਤਾਖ਼ਰ ਦਿਨ ਰਾਤ ਇਸ ’ਤੇ ਕੰਮ ਕਰ ਰਹੇ ਹਨ ਤੇ ਸਿਖਾਂਦਰੂਆਂ ਨੂੰ ਅਗਵਾਈ ਦੇ ਰਹੇ ਹਨ। ਇਸ ਤੋਂ ਸਪਸ਼ਟ ਹੈ ਕਿ ਪੰਜਾਬੀ ਗ਼ਜ਼ਲ ਦਾ ਖ਼ੇਤਰ ਹੁਣ ਪੰਜਾਬ ਵਿਚ ਹੀ ਨਹੀਂ ਵਿਸ਼ਵ

ਪੱਧਰ ਤਕ ਵਸੀਹ ਹੋ ਗਿਆ ਹੈ। ਭਵਿੱਖ ਵਿਚ ਇਸ ਦਾ ਘੇਰਾ ਹੋਰ ਪ੍ਰਫੁੱਲਤ ਹੋਵੇਗਾ ਤੇ ਅਸੀਂ ਇਸ ਨੂੰ ਹੋਰ ਬੁਲੰਦੀ ’ਤੇ ਦੇਖਾਂਗੇ।

ਭੂਪਿੰਦਰ ਸਿੰਘ ਸੱਗੂ ਵੀ ਪੰਜਾਬੀ ਗ਼ਜ਼ਲ ਦਾ ਪ੍ਰਮੁੱਖ ਹਸਤਾਖ਼ਰ ਹੈ ਜੋ ਲੰਬੇ ਸਮੇਂ ਤੋਂ ਪੰਜਾਬੀ ਗ਼ਜ਼ਲ ਦੀ ਸਿਰਜਣਾ ਵਿਚ ਜੁਟਿਆ ਹੋਇਆ ਹੈ। ਮੈਂ ਉਸ ਨੂੰ ਗਾਹੇ ਵਗਾਹੇ ਪੜ੍ਹਦਾ ਰਿਹਾ ਹਾਂ ਪਰ ਸਾਡੇ ਵਿਅਕਤੀਗਤ ਮੇਲ ਦੇ ਪਿੱਛੇ ਸ. ਬਲਵੰਤ ਸਿੰਘ ਬੈਂਸ ਹੁਰਾਂ ਦਾ ਵੱਡਾ ਹੱਥ ਹੈ। ਉਹ ਗ਼ਜ਼ਲ ਨੂੰ ਸਮਰਪਤ ਹੈ ਤੇ ਇਸ ਪੁਸਤਕ ਤੋਂ ਪਹਿਲਾਂ ਉਸ ਨੇ ਕਈ ਗ਼ਜ਼ਲ ਸੰਗ੍ਰਹਿ ਮਾਂ ਬੋਲੀ ਨੂੰ ਦਿੱਤੇ ਹਨ। ‘ਵਗਦੀ ਰਹੇ ਝਨਾਂ’ ਉਸ ਦਾ ਤਾਜ਼ਾ ਗ਼ਜ਼ਲ ਸੰਗ੍ਰਹਿ ਹੈ ਜਿਸ ਦਾ ਨਾਮ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ਦਰਿਆ ਨੂੰ ਨਦੀ ਵੀ ਕਹਿ ਦਿੱਤਾ ਜਾਂਦਾ ਹੈ, ਇਕ ਪਰਸ਼ੀ ਲਿੰਗ ਹੈ ਤੇ ਇਕ ਇਸਤ੍ਰੀ ਲਿੰਗ ਹੈ। ਝਨਾਂ ਸ਼ਬਦ ਦੀ ਉਤਪਤੀ ਚਨਾਬ ਤੋਂ ਹੋਈ ਹੈ ਤੇ ਝਨਾਂ ਦਾ ਸਬੰਧ ਸੋਹਣੀ ਮਹੀਂਵਾਲ ਦੀ ਪ੍ਰੇਮ ਕਹਾਣੀ ਨਾਲ ਜੁੜਿਆ ਹੋਇਆ ਹੈ। ਝਨਾਂ ਦਾ ਨਾਮ ਲੈਂਦਿਆਂ ਹੀ ਸੋਹਣੀ ਦਾ ਅਕਸ ਸਾਹਮਣੇ ਆ ਜਾਂਦਾ ਹੈ। ਬਿਨਾਂ ਸ਼ੱਕ ਚਨਾਬ ਪੁਰਸ਼ੀ ਲਿੰਗ ਹੈ ਪਰ ਝਨਾਂ ਨੂੰ ਇਸਤ੍ਰੀ ਲਿੰਗ ਦੇ ਤੌਰ ਤੇ ਪੰਜਾਬੀਆਂ ਵਲੋਂ ਸਵੀਕਾਰ ਲਿਆ ਗਿਆ ਹੈ। ਕਈ ਸ਼ਬਦ ਜੋ ਵਾਸਤਵ ਵਿਚ ਹਨ ਪੰਜਾਬੀਆਂ ਵਲੋਂ ਨਹੀਂ ਬੋਲੇ ਜਾਂਦੇ ਤੇ ਬੋਲੇ ਜਾਂਦੇ ਸ਼ਬਦਾਂ ਨੂੰ ਸਵੀਕਾਰ ਕਰ ਲੈਣਾ ਵੀ ਭਾਸ਼ਾ ਦੀ ਅਮੀਰੀ ਹੁੰਦੀ ਹੈ। ਝਨਾਅ ਜਾਂ ਝਨਾਂ ਵਿਚਲਾ ਰੌਲਾ ਵੀ ਮੁਕਾ ਦੇਣਾ ਚਾਹੀਦਾ ਹੈ ਤੇ ਗੱਲ ਸਿਰਫ਼ ਭਾਵਨਾ ਦੀ ਹੈ। ਸੱਗੂ ਦੀਆਂ ਗ਼ਜ਼ਲਾਂ ਨਾਲ ਇਹ ਨਾਮ ਬੜਾ ਫ਼ਬਦਾ ਹੈ ਢੁਕਵਾਂ ਹੈ ਕਿਉਂਕਿ ਉਸ ਦੇ ਸ਼ਿਅਰਾਂ ਦੇ ਬਹੁਤੇ ਵਿਸ਼ੇ ਪੰਜਾਬੀ ਸਭਿਆਚਾਰ ਤੇ ਪੰਜਾਬੀਅਤ ਨਾਲ ਜੁੜੇ ਹੋਏ ਹਨ। ਮੈਨੂੰ ਇਸ ਗੱਲ ਦੀ ਖ਼ੁਸ਼ੀ ਵੀ ਹੈ ਕਿ ਉਹ ਕਈਆਂ ਵਾਂਗ ਬੇਕਾਰ ਦੇ ਰੋਣੇ ਧੋਣੇ ਪਾਉਣ ਦੀ ਥਾਂ ਲੋਕਾਂ ਦੇ ਦੁੱਖ-ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਤੇ ਉਨ੍ਹਾਂ ਨੂੰ ਬੜੀ ਜੁਗਤ ਨਾਲ ਆਪਣੇ ਸ਼ਿਅਰਾਂ ਵਿਚ ਢਾਲਦਾ ਹੈ। ਸੱਗੂ ਨੇ ਆਮ ਮਨੁੱਖ ਦੀਆਂ ਦੁਸ਼ਵਾਰੀਆਂ ਤੇ ਸਿਆਸਤ ਦੀ ਗਿਰਾਵਟ ’ਤੇ ਬਹੁਤ ਖ਼ੂਬਸੂਰਤ ਸ਼ਿਅਰ ਕਹੇ ਹਨ। ਉਸ ਨੂੰ ਅਰੂਜ਼ ਤੇ ਗ਼ਜ਼ਲ ਦੇ ਨਿਯਮਾਂ ਦੀ ਚੋਖੀ ਜਾਣਕਾਰੀ ਹੈ ਤੇ ਉਹ ਗ਼ਜ਼ਲ ਦੀ ਤਾਸੀਰ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਮੈਂ ‘ਵਗਦੀ ਰਹੇ ਝਨਾਂ’ ਦੇ ਪੂਰੇ ਖਰੜੇ ਨੂੰ ਵਾਚਿਆ ਹੇ ਤੇ ਮਾਨਿਆਂ ਹੈ ਮੇਰੀ ਜਾਚੇ ਸੱਗੂ ਨੇ ਇਸ ਪੁਸਤਕ ਵਿਚ ਸ਼ਾਮਿਲ ਗ਼ਜ਼ਲਾਂ ’ਤੇ ਕਾਫ਼ੀ ਮਿਹਨਤ ਕੀਤੀ ਹੈ। ਉਂਝ ਕਿਸੇ ਵੀ ਕਲਾ ਦੀ ਕੋਈ ਸੀਮਾ ਨਹੀਂ ਹੁੰਦੀ ਤੇ ਕਲਾਕਾਰ ਜਾਂ ਅਦੀਬ ਦੀ ਕਲਾਕ੍ਰਿਤ ਵਿਚ ਹੋਰ ਬਿਹਤਰ ਦੀ ਗੁੰਜਾਇਸ਼ ਹਮੇਸ਼ਾਂ ਬਣੀ ਰਹਿੰਦੀ ਹੈ।

ਮੈਂ ਸੱਗੂ ਦੇ ਇਕ ਸ਼ਾਨਦਾਰ ਸ਼ਿਅਰ ਨਾਲ ਇਸ ਪੁਸਤਕ ਦੀ ਪ੍ਰਕਾਸ਼ਨਾ ’ਤੇ ਸੱਗੂ ਤੇ ਉਸ ਦੇ ਸਨੇਹੀਆਂ ਨੂੰ ਵਧਾਈ ਪੇਸ਼ ਕਰਦਾ ਹਾਂ:

*‘ਪੈਰੀਂ ਝਾਂਜਰ ਬੰਨ੍ਹ ਕੇ ਨੱਚਣਾ ਨਾਚੀ ਦੀ ਮਜਬੂਰੀ ਹੈ,*
*ਨਿੱਤ ਮੁਜਰੇ ਦੀ ਚੁਸਕੀ ਲੈਂਦੀ ਢਾਣੀ ਹੈ ਧਨਵਾਨਾਂ ਦੀ।’*



## ਗ਼ਜ਼ਲ ਦੇ ਖ਼ਾਮੋਸ਼ ਦਰਿਆ ਦੀ ਕਿਸ਼ਤੀ
## ਭੂਪਿੰਦਰ ਸਿੰਘ ਸੱਗੂ

*– ਸੁਲੱਖਣ ਸਰਹੱਦੀ*

ਬਰਤਾਨੀਆ ਵਿਚ ਵਸਦੇ ਪੰਜਾਬੀ ਮਾਂ-ਬੋਲੀ ਦੇ ਮਿਠ ਬੋਲੜੇ ਅਤੇ ਚੁੱਪਚਾਪ ਸ਼ਿਅਰ ਸਿਰਜਣਾ ਵਿਚ ਮਸਤ ਭੂਪਿੰਦਰ ਸਿੰਘ ਸੱਗੂ ਨੂੰ ਮੈਂ ਕਈ ਸਾਲਾਂ ਤੋਂ ਪੜ੍ਹਦਾ ਆ ਰਿਹਾ ਹਾਂ। ਪੰਜਾਬੀ ਗ਼ਜ਼ਲ ਨੇ ਅਜੋਕੀ ਸਥਿਤੀ ਵਿਚ ਸਾਰੀਆਂ ਹੱਦਾਂ ਸਰਹੱਦਾਂ ਨੂੰ ਰੇਤ ਦੀਆਂ ਲਕੀਰਾਂ ਵਾਂਗ ਮੇਟ ਕੇ ਗਲੋਬਲੀ ਸਥਿਤੀ ਪ੍ਰਾਪਤ ਕਰ ਲਈ ਹੈ। ਕਦੇ ਅਸੀਂ ਪੰਜਾਬੀ ਗ਼ਜ਼ਲ ਨੂੰ ਪਰਵਾਸੀ ਗ਼ਜ਼ਲ ਦੇ ਅਧਿਆਇ ਵਿਚ ਰੱਖ ਕੇ ਉਸ ਦੀ ਵੱਖਰੀ ਸਮਖਿਆ ਕਰਦੇ ਸਾਂ। ਅੱਜ ਨੈੱਟ ਤੇ ਬਿਜਲਈ ਸੰਚਾਰ ਮਾਧਿਅਮਾਂ ਨੇ ਪੰਜਾਬ ਦੇ ਸਮੁੱਚੇ ਸਾਹਿਤ ਨੂੰ  ਤੇ ਖ਼ਾਸ ਕਰ ਪੰਜਾਬੀ ਗ਼ਜ਼ਲ ਨੂੰ ਪਿੰਡ ਦੀਆਂ ਗੱਲਾਂ ਵਿਚ ਪ੍ਰਵਰਤਿਤ ਕਰ ਦਿੱਤਾ ਹੈ। ਕਈ ਵਾਰ ਪੰਜਾਬ ਦੇ ਲੋਕ ਕਿਸੇ ਘਟਨਾ ਬਾਰੇ ਜਾਣੂੰ ਨਹੀਂ ਹੁੰਦੇ ਪਰ ਪਰਵਾਸ ਦੇ ਲੋਕ ਫੇਸਬੁਕ ਨੂੰ ਲਾਲ-ਕਾਲੀ ਕਰ ਦਿੰਦੇ ਹਨ। ਸੋ ਅੱਜ ਪੰਜਾਬੀ ਸ਼ਿਅਰਕਾਰੀ ਜਿੱਥੇ ਵਿਦੇਸ਼ੀ ਵਤਨ ਵਿਚਲੀ ਰਹਿਤਲ, ਸਭਿਆਚਾਰ, ਵਿਹਾਰ, ਮੰਡੀਆਂ ਦਾ ਚਲਣ, ਸਮਾਜਿਕ ਅਤੇ ਅਸਮਾਜਿਕ ਬਿਰਤਾਂਤਾਂ ਨੂੰ ਪਹਿਲਾਂ ਵਾਂਗ ਹੀ ਅਕਾਸੀ ਰੰਗ ਦੇ ਰਹੀ ਹੈ ਓਥੇ ਅਪਣੇ ਅਸਲ ਦੇਸ ਪੰਜਾਬ ਦੇ ਮਸਲਿਆਂ ਨੂੰ ਵੀ ਅਪਣੱਤ ਨਾਲ ਸ਼ਿਅਰਾਂ ਅਧੀਨ ਵਿਦਮਾਨ ਕਰ ਰਹੀ ਹੈ। ਅਸੀਂ ਜਿਹੜਾ ਰੰਗ ਤੇ ਸਰੂਪ ਪੰਜਾਬੀ ਸ਼ਿਅਰਕਾਰੀ ਬਾਰੇ ਕਲਪਿਆ ਸੀ ਪੰਜਾਬੀ ਗ਼ਜ਼ਲ ਓਸੇ ਰੰਗ ਵਿਚ ਨਿਖਰ ਕੇ ਸਾਹਮਣੇ ਆ ਰਹੀ ਹੈ। ਅਜ ਪੰਜਾਬੀ ਗ਼ਜ਼ਲ ਕਵਿਤਾ ਦੀ ਪਿਛਲਗ ਧੀ ਨਹੀਂ ਹੈ ਸਗੋਂ ਉਸ ਦੀ ਸੁਹਣੀ ਤੇ ਸਕੀ ਭੈਣ ਹੈ। ਇਸ ਲਈ ਪੰਜਾਬੀ ਗ਼ਜ਼ਲ ਦੀ ਸਮੀਖਿਆ ਹੁਣ ਪੰਜਾਬੀ ਕਾਵਿ ਸਮੀਖਿਆ ਦੇ ਇਕ ਦਰਿਆ ਦੇ ਵੱਖ ਵੱਖ ਪਾਣੀ ਹਨ।

ਬਰਤਾਨੀਆਂ ਵਿਚ 1965 ਦੇ ਲਗਭਗ ਪੰਜਾਬੀ ਕਵਿਤਾ ਤੇ ਗ਼ਜ਼ਲ ਪਨਪਣੀ ਆਰੰਭ ਹੋਈ। ਬਰਤਾਨਵੀ ਗ਼ਜ਼ਲ ਪਰੰਪਰਾ ਵੀ ਸੱਤਰਵਿਆਂ ਵਿਚ ਆਰੰਭ ਹੋਈ। ਇਸ ਕਵਿਤਾ ਤੇ ਗ਼ਜ਼ਲ ਵਿਚ ਇਕ ਪਾਸੇ ਤਾਂ ਸੋਨੇ ਦੇ ਪੌਂਡਾਂ ਦੀ ਟੁਣਕਾਰ ਸੀ ਦੂਜੇ ਪਾਸੇ ਵਤਨ ਵਿਯੋਗ ਦਾ ਗਹਿਨ ਸੰਤਾਪ ਵੀ ਸੀ। ਤਦੋਂ ਬਰਤਾਨੀਆਂ ਵਿਚ ਪੰਜਾਬੀ ਇਕੱਲੇ ਇਕਹਿਰੇ ਹੀ ਪਹੁੰਚੇ ਸਨ ਅੱਜ ਵਾਂਗ ਉਨ੍ਹਾਂ ਦੇ ਆਸ ਪਾਸ ਪਰਿਵਾਰਕ ਸਾਂਝਾਂ ਦੇ ਸੰਘਣੇ ਸਾਏ ਨਹੀਂ ਸਨ। ਇਸ ਸਮੇਂ ਸ਼ਿਅਰਾਂ ਵਿਚ ਵਤਨ ਹੁੱਬ ਦਾ ਰੁਦਨ ਡਾਢਾ ਸੀ। ਜਦੋਂ ਬਰਤਾਨਵੀ ਕਵਿਤਾ ਉਗਮ ਰਹੀ ਸੀ ਤਦੋਂ ਪੰਜਾਬੀ ਕਵਿਤਾ ਦਾ ਰੰਗ ਪ੍ਰਗਤੀਵਾਦੀ ਸੀ। ਇਸ ਲਈ ਭਾਵੇਂ ਰੁਮਾਂਟਿਕ ਪੱਧਰ ’ਤੇ ਹੀ ਪਰ ਬਰਤਾਨੀਆਂ

ਦੀ ਗ਼ਜ਼ਲ ਵਿਚ ਵੀ ਕੁਝ ਕੁਝ ਪ੍ਰਗਤੀਵਾਦੀ ਰੰਗ ਹੁੱਲੇ ਹੁਲਾਰੇ ਵਿਚ ਸੀ। ਇਸ ਗ਼ਜ਼ਲ ਨੂੰ ਅਸੀਂ ਪ੍ਰਗਤੀਵਾਦੀ ਕਾਵਿ, ਵਤਨ ਹੁੱਬ ਜਾਂ ਦੇਸ ਹੇਰਵਾ, ਜੁਝਾਰਵਾਦ, ਮਾਨਵਤਾਵਾਦ ਅਤੇ ਸ਼ਿੰਗਾਰਵਾਦ ਤਕ ਹੀ ਫੈਲੀ ਦੇਖਦੇ ਹਾਂ। ਯਾਨਿ ਉਸ ਵਿਚ ਗਲੋਬਲੀ ਵਿਚਾਰ ਅਤੇ ਆਧੁਨਿਕ ਮਨੁੱਖ ਦੀ ਅੰਦਰੂਨੀ ਟੁੱਟ ਭੱਜ ਤੋਂ ਅਗਾਂਹ ਸੰਵੇਦਨਾ ਦਾ ਗਹਿਰਾ ਰੰਗ ਨਹੀਂ ਦਿਸਦਾ। ਪ੍ਰਤੀਕਵਾਦ, ਪ੍ਰਯੋਗਵਾਦ ਜਾਂ ਰਹੱਸਵਾਦ ਬਰਤਾਨਵੀ ਪੰਜਾਬੀ ਗ਼ਜ਼ਲ ਵਿਚ ਬਹੁਤ ਬਾਦ ਵਿਚ ਪ੍ਰਗਟ ਹੋਇਆ। ਇਸ ਗ਼ਜ਼ਲ ਵਿਚ ਸਹਿਜੇ ਸਹਿਜੇ ਸੰਸਾਰ ਪੱਧਰੀ, ਗਲੋਬਲੀ ਸੰਵੇਦਨਾ ਦਾ ਰੰਗ ਉਦੈ ਹੁੰਦਾ ਹੈ। ਇਹ ਦੇਸ਼ ਪੰਜਾਬੀਆਂ ਦੀ ਹਵੇਲੀ ਵਾਂਗ ਹੈ। ਏਥੇ ਗ਼ਜ਼ਲਕਾਰੀ ਬਾਕੀ ਸਾਰੇ ਸੰਸਾਰ ਦੇ ਦੇਸ਼ਾਂ ਵਾਂਗ ਵੰਨ ਸੁਵੰਨਤਾ ਵਿਚ ਪ੍ਰਗਟ ਹੋ ਰਹੀ ਹੈ।

ਭੂਪਿੰਦਰ ਸਿੰਘ ਸੱਗੂ ਵੀ ਬਰਤਾਨੀਆਂ ਵਸਦਾ ਪੰਜਾਬੀ ਦਿਲ ਅਤੇ ਜਜ਼ਬਾਤ ਵਾਲਾ ਗ਼ਜ਼ਲਕਾਰ ਹੈ। ਸੱਗੂ ਪੰਜਾਬੀ ਗ਼ਜ਼ਲਾਂ ਦਾ ਮਿੱਠਾ ਬੇਰ ਹੈ ਤੇ ਉਸ ਨੇ ਕਦੇ ਵੀ ਰੌਲਾ ਰੱਪਾ ਨਹੀਂ ਪਾਇਆ, ਨਾ ਕਦੀ ਜੁਗਾੜ ਕੀਤੇ ਹਨ। ਵਰਨਾ ਪੰਜਾਬ ਗ਼ਜ਼ਲਕਾਰਾਂ ਨੂੰ ਵੀ ਹੁਣ ਖ਼ੂਬ ਜੁਗਾੜ ਬਣਾਉਣੇ ਆ ਗਏ ਨੇ। ਸੱਗੂ ਧਰਤੀ ਬਰੋਬਰ ਵਗਦਾ ਮੈਦਾਨੀ ਮੱਠਾ ਤੇ ਮਿੱਠਾ ਦਰਿਆ ਹੈ। ਇਸ ਵਿਚਲਾ ਪਾਣੀ ਜ਼ਿੰਦਗੀ ਦੀਆਂ ਆਡਾਂ ਵਿਚ ਵਗਦਾ ਹੈ। ਸੱਗੂ ਦੀ ਗ਼ਜ਼ਲ ਦੇ ਰੂਪਕਾਰ ਬਾਰੇ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਉਹ ਪੰਜਾਬੀ ਗ਼ਜ਼ਲ ਦੇ ਮਹਾਂਰਥੀ ਉਸਤਾਦ ਗੁਰਦਿਆਲ ਰੌਸ਼ਨ ਨੂੰ ਆਪਣਾ ਉਸਤਾਦ ਮੰਨਦਾ ਹੈ। ਹਥਲੇ ਖਰੜੇ ਨੂੰ ਵਾਚਦਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੱਗੂ ਗ਼ਜ਼ਲਾਂ ਦੇ ਰੂਪਕ ਪੱਖ ਦਾ ਪੂਰਨ ਸ਼ਾਇਰ ਹੈ ਤੇ ਉਸ ਨੂੰ ਗ਼ਜ਼ਲ ਦੀ ਵਿਆਕਰਣ ਦਾ ਪੂਰਾ ਭੇਦ ਹੈ। ਆਓ ਉਸ ਦੇ ਕੁਝ ਸ਼ਿਅਰਾਂ ਦਾ ਜਾਇਕਾ ਚਖਦੇ ਹਾਂ:-

*ਮਾਰੂਥਲ ਨੂੰ ਕੈਕਟਸ ਪੁੱਛਣ ਕਦ ਆਊ ਬਰਸਾਤ,*
*ਅਸੀਂ ਵੀ ਤਕੀਏ ਆਪਣੇ ਉੱਤੇ ਆਸਾਂ ਵਾਲਾ ਬੂਰ।*

*ਦਿਲ ਦੀ ਧੜਕਣ ਨਾਮ ਤੇਰੇ ਦਾ ਹਰਦਮ ਕਰਦੀ ਜਾਪ,*
*ਫ਼ਰਜ਼ ਤੇਰੇ 'ਤੇ ਦੇਵਾਂ ਪਹਿਰਾ ਯਾਰ ਨਿਰੰਜਨ ਨੂਰ।*

*ਉਹ ਹਾਸਿਲ ਕਰ ਚੰਦ ਸਿਕਿਆਂ ਨੂੰ ਹੈ ਅਜ ਅਸਮਾਨੀ ਜਾ ਚੜ੍ਹਿਆ,*
*ਬਣ ਮਸਤ ਕਲੰਦਰ ਰਹਿ ਮਿੱਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।*

*ਚੰਨ ਸੂਰਜ ਤਾਰਿਆਂ ਬਿਨ ਨ੍ਹੇਰ ਹੈ*
*ਦੋਸਤੀ ਦੀ ਰੌਸ਼ਨੀ ਜੀਂਦੀ ਰਹੇ।*

*ਖ਼ੈਰ ਮੰਗੇ ਜੋ ਸਦਾ ਇਨਸਾਨ ਦੀ,*
*ਸੋਹਲ ਘੁੱਗੀ ਅਮਨ ਦੀ ਜੀਂਦੀ ਰਹੇ।*



ਸੱਗੂ ਰਾਜਨੀਤੀ ਦੀ ਕੌੜੀ ਗੱਲ ਨੂੰ ਵੀ ਗ਼ਜ਼ਲੀਅਤ ਦੀ ਮਿੱਠੀ ਚਾਸ਼ਨੀ ਵਿਚ ਪੇਸ਼ ਕਰਦਾ ਹੈ। ਜੋ ਕੁਝ ਸੰਸਾਰ ਪੱਧਰ 'ਤੇ ਰਾਜਨੀਤੀ ਕਰ ਰਹੀ ਹੈ, ਉਸ ਬਾਰੇ ਉਹ ਸਹਿਜ ਨਾਲ ਕਹਿੰਦਾ ਹੈ:-

*ਝੱਖੜ ਦੇ ਆਸਾਰ ਦਿਖਾਈ ਦਿੰਦੇ ਨੇ,*
*ਹਾਕਿਮ ਹੁਣ ਬਦਕਾਰ ਦਿਖਾਈ ਦਿੰਦੇ ਨੇ।*

ਉਹ ਸੜ ਰਹੀ ਮਨੁੱਖਤਾ ਨੂੰ ਵੇਖ ਨਹੀਂ ਸਕਦਾ:-

*ਸੜਦੀ ਬਲਦੀ ਨਗਰੀ ਨੂੰ ਮੈਂ ਕਿੰਝ ਦੇਖਾਂ,*
*ਉਜੜੇ ਘਰ ਪਰਿਵਾਰ ਦਿਖਾਈ ਦਿੰਨੇ ਨੇ।*

ਆਧੁਨਿਕ ਮਨੁੱਖ ਦੀ ਅੰਦਰੂਨੀ ਟੁੱਟ ਭੱਜ ਤੇ ਤਿੜਕਣ ਨੇ ਅੱਖਾਂ ਦੇ ਸ਼ੀਸ਼ੇ ਧੁੰਦਲਾ ਦਿੱਤੇ ਨੇ। ਲੋਕ ਹੁਣ ਆਪਣੇ ਮੁਰਦਾਰੀ ਖ਼ਾਸੇ ਵਿਚ ਗ਼ਰਕ ਨੇ-

*ਮੁਰਦਾ ਦਿਲ ਕੀ ਜਾਨਣ ਦਿਲ ਦੀ ਦੂਰੀ ਨੂੰ,*
*ਖ਼ੁਦ ਹੀ ਜੋ ਦੁਸ਼ਵਾਰ ਦਿਖਾਈ ਦਿੰਦੇ ਨੇ।*

ਗ਼ਰੀਬ ਹੋਰ ਗ਼ਰੀਬ ਤੇ ਅਮੀਰ ਹੋਰ ਅਮੀਰ ਹੋ ਰਹੇ ਹਨ। ਐਸੀ ਆਰਥਿਕ ਨਾਬਰਾਬਰੀ ਵਿੱਚੋਂ ਬੇਅਮਨੀ ਤੇ ਬਾਗ਼ੀਆਨਾ ਰਵੱਈਆ ਪਨਪਦਾ ਹੈ। ਸੱਗੂ ਬੜੇ ਸਹਿਜ ਨਾਲ ਕਹਿੰਦਾ ਹੈ-

*ਹਾਕਿਮ ਲੁਟਦਾ ਜਾਵੇ ਯਾਰ ਗ਼ਰੀਬਾਂ ਨੂੰ,*
*ਹੁਣ ਮਾੜੇ ਆਸਾਰ ਦਿਖਾਈ ਦਿੰਦੇ ਨੇ।*

ਉਸਦੇ ਹੇਠ ਲਿਖੇ ਦੋਵੇਂ ਸ਼ਿਅਰ ਬੜੇ ਭਾਵਪੂਰਤ ਨੇ ਕਿ ਜੋ ਲੋਕ ਇਹ ਸਮਝਦੇ ਨੇ ਕਿ ਸੰਸਾਰ ਦੀ ਅੱਗ ਦਾ ਸੇਕ ਉਨ੍ਹਾਂ ਤੱਕ ਨਹੀਂ ਪਹੁੰਚ ਸਕਦਾ ਉਹ ਬਿੱਲੀ ਅੱਗੇ ਅੱਖਾਂ ਮੀਟੀ ਬੈਠੇ ਕਬੂਤਰ ਨੇ। ਉਨ੍ਹਾਂ ਦੇ ਬੱਚੇ ਹੀ ਉਨ੍ਹਾਂ ਸਾਹਮਣੇ ਤਾਂਡਵੀ ਹੋਣਗੇ-

*ਆਖਿਰ ਤੂੰ ਵੀ ਇਸ ਅਗਨੀ ਵਿਚ ਜਲ ਜਾਣਾ,*
*ਹਰ ਪਾਸੇ ਅੰਗਿਆਰ ਦਿਖਾਈ ਦਿੰਦੇ ਨੇ।*
*ਬਾਗ਼ੀ ਹੋਏ ਬੱਚੇ ਮਰਜ਼ੀ ਕਰਦੇ ਹਨ,*
*ਮਾਪੇ ਪਰ ਲਾਚਾਰ ਦਿਖਾਈ ਦਿੰਦੇ ਨੇ।*

ਜਦ ਪਾਕਿਸਤਾਨ ਬਣਿਆਂ ਸੀ ਤਾਂ ਕਿਸੇ ਨੇ ਵੀ ਨਹੀਂ ਕਿਆਸਿਆ ਸੀ

ਕਿ ਇਹ ਅੱਡ ਹੋਏ ਇਕ ਮਾਂ ਦੇ ਪੁੱਤ ਇਕ ਦੂਜੇ ਦੇ ਖ਼ੂਨ ਦੇ ਤਿਰਹਾਏ ਹੋ ਜਾਣਗੇ–

*ਬਟਵਾਰਾ, ਵੱਖ ਹੋਣਾਂ ਸੌਖਾ ਕਦ ਹੁੰਦੈ,*
*ਪਾਟੇ ਘਰ ਸੰਸਾਰ ਦਿਖਾਈ ਦਿੰਦੇ ਨੇ।*

ਯੂਰਪੀ ਸੰਸਕ੍ਰਿਤੀ ਵਿਚ ਪਬ ਕਲਚਰ ਵਿਚ ਕਦੇ ਦੋਸਤੀਆਂ ਦੇ ਮੁਕਟਾਂ ਦਾ ਕਾਰੋਬਾਰ ਨਜ਼ਰੀਂ ਪੈਂਦਾ ਸੀ ਪਰ ਹੌਲੀ ਹੌਲੀ ਇਹ ਪੱਬ ਵੀ ਬੀਮਾਰਾਂ ਦੇ ਰੈਣ ਬਸੇਰਾ ਬਣ ਗਏ। ਅਸਲ ਵਿਚ ਪੱਛਮੀ ਕਲਚਰ ਦੀ ਅਥਾਹ ਪਦਾਰਥਵਾਦੀ ਰੁਚੀ ਨੇ ਪਾਣੀਆਂ ਵਿਚ ਪਿਆਸ ਭਰ ਦਿੱਤੀ ਹੈ–

*ਪੱਬੀਂ ਜਾ ਜਾ ਯਾਰ ਨਾ 'ਸੱਗੂ' ਲੱਭਿਆ ਕਰ,*
*ਪੱਬੀਂ ਸਭ ਦੁਖਿਆਰ ਦਿਖਾਈ ਦਿੰਦੇ ਨੇ।*

ਸੱਗੂ ਵਿਚ ਇਕ ਵੱਡਾ ਗੁਣ ਹੈ ਕਿ ਉਹ ਗ਼ਜ਼ਲ ਨੂੰ ਦੁਖਾਂਤ ਬਣਨ ਤੋਂ ਰੋਕ ਲੈਂਦਾ ਹੈ। ਉਹ ਹਰ ਗ਼ਜ਼ਲ ਵਿਚ ਇਕ ਦੋ ਸ਼ਿਅਰ ਦਿਲੀ ਆਸਥਾ ਤੇ ਮਹਿਕੇ ਰੁਮਾਂਸ ਦੇ ਪਾ ਦਿੰਦਾ ਹੈ ਜਿਸ ਨਾਲ ਵਾਰਤਾ 'ਚੋਂ ਕੁੜੱਤਣ ਘਟਦੀ ਹੈ। ਉਸ ਦਾ ਇਹ ਸ਼ਿਅਰ ਦੇਖੋ ਕਿਵੇਂ ਮਹਿਕ ਵੰਡ ਰਿਹਾ ਹੈ–

*ਕੌਣ ਗੁਜ਼ਰਿਆ ਹੈ ਏਥੋਂ ਦੀ ਐ 'ਸੱਗੂ',*
*ਖੰਡਰ ਵੀ ਗੁਲਜ਼ਾਰ ਦਿਖਾਈ ਦਿੰਦੇ ਨੇ।*

ਉਹ ਅੱਜ ਉੱਤੇ ਭਰੋਸਾ ਰੱਖਣ ਦੀ ਬਾਂਕੀ ਗੱਲ ਕਰਦਾ ਹੈ–

*ਵਫ਼ਾਵਾਂ ਤੇ ਜਫ਼ਾਵਾਂ ਸਿਰ ਸਦਾ ਇਲਜ਼ਾਮ ਰਹਿੰਦਾ ਹੈ,*
*ਕਿ ਮਨ ਉਪਰਾਮ ਹੈ ਯਾਰੋ ਮਨਾਈਏ ਜਸ਼ਨ ਅਜ ਰਲਕੇ।*

ਭੂਪਿੰਦਰ ਸਿੰਘ ਸੱਗੂ ਦਾ ਹਥਲਾ ਗ਼ਜ਼ਲ ਸੰਗ੍ਰਹਿ 'ਵਗਦੀ ਰਹੇ ਝਨਾਂ' ਪੰਜਾਬੀ ਗ਼ਜ਼ਲ ਦਾ ਇਕ ਆਪਣੀ ਹੀ ਕਿਸਮ ਦਾ ਮੁਜੱਸਮਾ ਹੈ। ਹਲਕੇ ਫੁਲਕੇ ਸ਼ਿਅਰਾਂ ਵਿਚ ਵੱਡੇ ਵੱਡੇ ਅਰਥਾਂ ਵਾਲੇ ਵਿਸ਼ੇ ਦੁੱਧ ਉਤੇ ਫੁੱਲ ਦੇ ਤਰਨ ਵਾਂਗ ਪੇਸ਼ ਮਿਲਦੇ ਹਨ। ਇਨ੍ਹਾਂ ਗ਼ਜ਼ਲਾਂ ਵਿਚ ਉਹ ਸਾਰੇ ਗੁਣ ਹਨ ਜੋ ਕਿ ਨਵੀਂ ਗ਼ਜ਼ਲ ਵਿਚ ਹੋਣੇ ਲਾਜ਼ਮ ਹਨ। ਮੈਂ ਉਸ ਦਾ ਇਕ ਸ਼ਿਅਰ ਜੋ ਕਿ ਘਰ ਦਾ ਵਿਸ਼ੇਸ਼ਣ ਹੈ ਦੇ ਕੇ ਇਸ ਪੁਸਤਕ ਨੂੰ ਜੀ ਆਇਆ ਕਹਿੰਦਾ ਹਾਂ।

*ਜਿਸ ਘਰ ਅੰਦਰ ਹਾਸੇ ਗੁੰਮੇ ਸੋਗ ਦਾ ਜਿੱਥੇ ਪਹਿਰਾ,*
*ਉਹ ਘਰ ਵੀ ਘਰ ਹੁੰਦਾ ਨਾ ਉਹ ਹੁੰਦਾ ਹੈ ਸ਼ਮਸ਼ਾਨ।*

•



## ਹੱਕ ਸੱਚ ਤੇ ਨਿਆਂ ਲਈ ਜੂਝਣ ਵਾਲਾ ਸ਼ਾਇਰ ਭੂਪਿੰਦਰ ਸਿੰਘ ਸੱਗੂ

– *ਗੁਰਸ਼ਰਨ ਸਿੰਘ ਅਜੀਬ*

ਭੂਪਿੰਦਰ ਸਿੰਘ ਸੱਗੂ ਦਾ ਨਾਮ ਹੋਠਾਂ 'ਤੇ ਲਿਆਉਣ ਤੋਂ ਪਹਿਲਾਂ ਉਸ ਦੀ ਤਸਵੀਰ ਜ਼ਿਹਨ ਵਿਚ ਬਦੋਬਦੀ ਆਨ ਟਪਕਦੀ ਹੈ। ਇਕ ਅਜੇਹੀ ਤਸਵੀਰ ਜੋ ਕਿ ਆਮ ਲੋਕਾਂ ਦੇ ਕਿਰਦਾਰ ਵਿੱਚੋਂ ਅਜ ਕਲ੍ਹ ਗਾਇਬ ਹੈ। ਭੂਪਿੰਦਰ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਦੇ ਚਿਹਰੇ ਤੋਂ ਸਾਦਗੀ, ਸੰਜੀਦਗੀ, ਸ਼ਰਾਫ਼ਤ, ਸੁਹਿਰਦਤਾ ਆਦਿ ਜਿਹੀਆਂ ਸਿਫ਼ਤਾਂ ਟਪਕਦੀਆਂ ਨਜ਼ਰ ਆਉਂਦੀਆਂ ਹਨ। ਅੰਦਰੋਂ ਬਾਹਰੋਂ ਦਿਲ ਦੇ ਸਾਫ਼ ਤੇ ਨੇਕ ਦਿਲ ਇਨਸਾਨ ਅਜ ਕਲ੍ਹ ਬਹੁਤ ਘੱਟ ਮਿਲਦੇ ਹਨ। ਇਕ ਲੇਖਕ ਤੋਂ ਪਹਿਲਾਂ ਇਕ ਵਧੀਆਂ ਇਨਸਾਨ ਹੋਣਾ ਵੀ ਬਹੁਤ ਜ਼ਰੂਰੀ ਏ ਤੇ ਜੇ ਕੋਈ ਲੇਖਕ ਅੱਛਾ ਇਨਸਾਨ ਨਹੀਂ ਤਾਂ ਉਸ ਦਾ ਲੇਖਕ ਹੋਣਾ ਹੀ ਵਿਅਰਥ ਹੈ। ਪਰ ਭੂਪਿੰਦਰ ਸੱਗੂ ਐਸਾ ਨਹੀਂ ਹੈ। ਇਸ ਵਿਚ ਇਨਸਾਨੀਅਤ ਕੁੱਟ ਕੁੱਟ ਕੇ ਭਰੀ ਹੋਈ ਜਾਪਦੀ ਹੈ। ਭੂਪਿੰਦਰ ਦੀਆਂ ਕਿਰਤਾਂ 'ਚੋਂ ਇਨਸਾਨੀ ਕਦਰਾਂ ਕੀਮਤਾਂ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਇਹ ਮਾਨਵਵਾਦੀ ਸੋਚ ਤੇ ਹੱਕ ਤੇ ਸੱਚ 'ਤੇ ਪਹਿਰਾ ਦੇਣ ਵਾਲਾ ਇਕ ਵਚਨਬਧ ਸ਼ਾਇਰ ਹੈ ਜੋ ਅਜ ਤਕ ਪੰਜਾਬੀ ਸਾਹਿਤ ਦੀ ਝੋਲੀ ਵਿਚ ਤਿੰਨ ਗ਼ਜ਼ਲ ਸੰਗ੍ਰਹਿ 'ਕਤਰਾ ਕਤਰਾ ਨੂਰ', 'ਚਾਨਣ ਦੀ ਬਾਤ' ਤੇ 'ਮਸ਼ਾਲ' ਪਾ ਚੁੱਕਿਆ ਹੈ। 'ਚਾਨਣ ਦੀ ਬਾਤ' ਅਰੂਜ਼ੀ ਨਿਯਮਾਂ ਅਨੁਸਾਰ ਲਿਖਿਆ ਭੂਪਿੰਦਰ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਸੀ। ਹਥਲੇ ਗ਼ਜ਼ਲ ਸੰਗ੍ਰਹਿ 'ਵਗਦੀ ਰਹੇ ਝਨਾਂ' ਵਿਚ ਭੂਪਿੰਦਰ ਦੀਆਂ ਗ਼ਜ਼ਲਾਂ ਵਿਚ ਅੱਗੇ ਨਾਲੋਂ ਵਧੇਰੇ ਨਿਖ਼ਾਰ ਤੇ ਪਰਪਕਤਾ ਦੇਖਣ ਨੂੰ ਮਿਲਦੀ ਹੈ। ਸਿਰਮੌਰ ਗ਼ਜ਼ਲਗੋ ਗੁਰਦਿਆਲ ਰੌਸ਼ਨ ਦੀ ਰਹਿਨੁਮਾਈ ਹੇਠ ਛਪ ਰਹੇ ਇਸ ਗ਼ਜ਼ਲ ਸੰਗ੍ਰਹਿ ਵਿਚ ਸ਼ਾਮਿਲ ਕੀਤੀਆਂ ਭੂਪਿੰਦਰ ਦੀਆਂ ਲਗਭਗ ਸਾਰੀਆਂ ਗ਼ਜ਼ਲਾਂ ਮਾਨਵਤਾ ਦੇ ਦਰਦ, ਹੱਕ, ਸੱਚ ਤੇ ਨਿਆਂ ਦਾ ਸੰਦੇਸ਼ ਦਿੰਦੀਆਂ ਹਨ। ਅਰੂਜ਼ੀ ਬਹਿਰਾਂ ਤੇ ਲਹਿਰਾਂ ਨਾਲ ਸ਼ਿੰਗਾਰੀਆਂ ਸੰਵਾਰੀਆਂ ਗ਼ਜ਼ਲਾਂ ਲੈ ਕੇ ਭੂਪਿੰਦਰ ਇਕ ਵਾਰ ਫਿਰ ਹਾਜ਼ਰ ਹੋਇਆ ਹੈ। ਜੀ ਆਇਆਂ ਨੂੰ, ਭੂਪਿੰਦਰ! ਉਸ ਦੀ ਇਸ ਪੁਸਤਕ ਦੇ ਆਗਮਨ 'ਤੇ ਮੈਂ ਅਦਾਰਾ ਪੰਜਾਬੀ ਗ਼ਜ਼ਲ ਮੰਚ, ਯੂ.ਕੇ. ਲੰਡਨ ਤੇ ਆਪਣੇ ਵੱਲੋਂ ਹਾਰਦਿਕ ਵਧਾਈ ਦਿੰਦਾ ਹਾਂ ਤੇ ਪਾਠਕਾਂ ਨੂੰ ਸਿਫ਼ਾਰਿਸ਼ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਜ਼ਰੂਰ ਪੜ੍ਹਨ ਤੇ ਵਿਚਾਰਨ।

•

## ਮੋਹ-ਮੁਹੱਬਤ

ਭੂਪਿੰਦਰ ਸਿੰਘ ਸੱਗੂ ਪੰਜਾਬੀ ਗ਼ਜ਼ਲ ਦਾ ਗੂੜ੍ਹਾ ਹਸਤਾਖ਼ਰ ਹੈ ਜਿਸ ਨੇ ਇੰਗਲੈਂਡ ਵਿਚ ਰਹਿੰਦੇ ਹੋਏ ਵੀ ਮਾਤ ਭਾਸ਼ਾ ਪੰਜਾਬੀ ਤੇ ਇਸ ਵੇਲੇ ਦੀ ਸਿਰਮੌਰ ਕਾਵਿ ਸਿਨਫ਼ ਗ਼ਜ਼ਲ ਨਾਲ ਵਫ਼ਾਦਾਰੀ ਕੀਤੀ ਹੈ ਤੇ ਮੋਹ ਪਾਲ਼ਿਆ ਹੈ। ਉਸ ਨੂੰ ਗ਼ਜ਼ਲ ਦੇ ਸ਼ਿਅਰ ਕਹਿਣ ਸਲੀਕਾ ਆਉਂਦਾ ਹੈ ਤੇ ਆਪਣੀ ਅੰਦਰਲੀ ਗੱਲ ਨੂੰ ਦੂਸਰਿਆਂ ਤਕ ਪਹੁੰਚਾਉਣ ਦਾ ਉਸ ਕੋਲ ਹੁਨਰ ਵੀ ਹੈ। ਉਹ ਬੇਲੋੜੀਆਂ ਗੁੱਟਬੰਦੀਆਂ, ਦੂਈ-ਦਵੈਤ ਤੇ ਐਵੇਂ ਕੈਵੇਂ ਦੇ ਜੁਗਾੜਾਂ ਦੇ ਚਿੱਕੜ ਵਿਚ ਨਹੀਂ ਫਸਦਾ ਬਲਕਿ ਪੰਜਾਬੀ ਮਾਂ ਦਾ ਸਾਊ ਪੁੱਤ ਬਣ ਕੇ ਚੁਪ ਚਾਪ ਸਾਹਿਤ ਸਿਰਜਣਾ ਦੇ ਪਵਿੱਤਰ ਕਾਰਜ ਵਿਚ ਜੁਟਿਆ ਰਹਿੰਦਾ ਹੈ।

*-ਸੰਧੂ ਵਰਿਆਣਵੀ (ਪ੍ਰੋ.), ਗੜ੍ਹ ਸ਼ੰਕਰ*

ਮੈਂ ਇਹੋ ਕਹਿਣਾ ਚਾਹੁੰਦੀ ਹਾਂ ਕਿ ਜ਼ਿੰਦਗੀ ਦੇ ਨਾਲ ਜੁੜੇ ਭਾਵਾਂ ਦੇ ਮੋਤੀਆਂ ਨੂੰ ਭੂਪਿੰਦਰ ਸਿੰਘ ਸੱਗੂ ਨੇ ਗ਼ਜ਼ਲ ਦੇ ਧਾਗੇ ਵਿਚ ਪਰੋ ਕੇ ਪਾਠਕਾਂ ਸਾਹਮਣੇ ਰੱਖਿਆ ਹੈ। ਮੈਂ ਇਸ ਆ ਰਹੇ ਨਵੇਂ ਗ਼ਜ਼ਲ ਸੰਗ੍ਰਹਿ 'ਵਗਦੀ ਰਹੇ ਝਨਾਂ' ਦਾ ਦਿਲੋਂ ਸਵਾਗਤ ਕਰਦੀ ਹਾਂ।

*- ਕ੍ਰਿਸ਼ਨਾ ਬੇਦੀ, ਦਿੱਲੀ*

ਮੈਂ ਭੂਪਿੰਦਰ ਸਿੰਘ ਸੱਗੂ ਦਾ ਸਤਿਕਾਰ ਕਰਦਾ ਹਾਂ ਅਤੇ ਉਸ ਦੀ ਗ਼ਜ਼ਲਗੋਈ ਨੂੰ ਪਸੰਦ ਵੀ ਕਰਦਾ ਹਾਂ। ਉਹ ਸਦਾਚਾਰ ਦੀ ਸੇਧੇ ਤੁਰਦੇ ਹਨ ਅਤੇ ਇਹੋ ਜਿਹਾ ਲਿਖਦੇ ਹਨ ਜਿਸ ਨਾਲ ਮਨੁੱਖੀ ਜੀਵਨ ਦੀ ਸੁੰਦਰਤਾ ਵਿਚ ਵਾਧਾ ਹੋਵੇ।

*- ਪੂਰਨ ਸਿੰਘ, ਯੂ. ਕੇ.*

ਭੂਪਿੰਦਰ ਸਿੰਘ ਸੱਗੂ ਮਨੁੱਖਤਾ ਦਾ ਹਿਤੈਸ਼ੀ ਹੈ। ਉਹ ਪ੍ਰੇਮ ਤੇ ਸੱਚ ਦੇ ਮਾਰਗ ਦਾ ਪਾਂਧੀ ਹੈ। ਸਮਾਜ ਅੰਦਰ ਫੈਲ ਚੁੱਕੇ ਭ੍ਰਿਸ਼ਟਾਚਾਰ ਨੂੰ ਉਹ ਦੂਰ ਕਰਨ ਦਾ ਚਾਹਵਾਨ ਹੈ। ਸੱਚਾ ਤੇ ਇਮਾਨਦਾਰ ਇਨਸਾਨ ਹੋਣ ਕਰਕੇ ਉਹ ਦੂਜਿਆਂ ਵਿਚ ਵੀ ਸਚਾਈ, ਪ੍ਰੇਮ ਤੇ ਇਮਾਨਦਾਰੀ ਲੱਭਦਾ ਹੈ। ਇਸ ਨੂੰ ਨਵੇਂ ਗ਼ਜ਼ਲ ਸੰਗ੍ਰਹਿ ਤੇ ਮੁਬਾਰਿਕਵਾਦ ਹੈ।

*- ਡਾ. ਕੁਲਵਿੰਦਰ ਕੌਰ ਮਿਨਹਾਸ, ਲੁਧਿਆਣਾ*



ਭੂਪਿੰਦਰ ਸਿੰਘ ਸੱਗੂ ਗ਼ਜ਼ਲ ਦੇ ਸੱਚੇ ਪੁਜਾਰੀ ਤੇ ਆਸ਼ਿਕ ਹਨ। ਗ਼ਜ਼ਲ ਉਨ੍ਹਾਂ ਦੇ ਖ਼ੂਨ ਵਿਚ ਰਚੀ ਹੋਈ ਹੈ। ਉਨ੍ਹਾਂ ਵਿਚ ਕਲਾ, ਕੋਮਲਤਾ, ਕਮਾਲਤਾ, ਕਾਇਲਤਾ ਅਤੇ ਪਾਠਕ ਨੂੰ ਕੀਲਣ ਦੀ ਕਰਾਮਾਤ ਹੈ। ਉਹ ਗ਼ਜ਼ਲ ਦੀ ਹਿਨਾਬੰਦੀ ਬਹੁਤ ਹੀ ਖ਼ੂਬਸੂਰਤ, ਕਲਾਮਈ ਤੇ ਰੂਹ ਦੀ ਝੀਲ ਵਿਚ ਗੋਤਾਜਨ ਹੋ ਕੇ ਕਰਦੇ ਹਨ। ਉਹਨਾਂ ਦੀਆਂ ਗ਼ਜ਼ਲਾਂ ਦੇ ਨਵੇਂ ਸੰਗ੍ਰਹਿ ਨੂੰ ਖ਼ੁਸ਼ਆਮਦੀਦ ਆਖਦਾ ਹੋਇਆ ਸਲਾਮ ਕਰਦਾ ਹਾਂ। ਦੁਆ ਗੋਅ ਹਾਂ ਕਿ ਜਨਾਬ ਸੱਗੂ ਸਾਹਿਬ ਆਪਣੀਆਂ ਪਿਆਰੀਆਂ ਗ਼ਜ਼ਲਾਂ ਨਾਲ ਪੰਜਾਬੀ ਮਾਤਭਾਸ਼ਾ ਦਾ ਦਾਮਨ ਖ਼ੁਸ਼ਬੂਦਾਰ ਫੁੱਲਾਂ ਨਾਲ ਸਦਾ ਹੀ ਭਰਪੂਰ ਕਰਦੇ ਰਹਿਣ।

*- ਬਲਵੰਤ ਸਿੰਘ ਬੈਂਸ, ਵੁਲਵਰਹੈਂਪਟਨ*

ਭੂਪਿੰਦਰ ਸਿੰਘ ਸੱਗੂ ਪਰਵਾਸ ਦੇ ਪਰਵਾਜ਼ ਦੀਆਂ ਲੰਮੀਆਂ ਉਡਾਰੀਆਂ ਭਰ ਚੁੱਕੇ ਹਨ। ਉਨ੍ਹਾਂ ਕੋਲ ਗ਼ਜ਼ਲ ਕਹਿਣ ਦਾ ਤਜਰਬਾ ਵੀ ਹੈ ਅਤੇ ਗਿਆਨ ਵੀ। ਇਸ ਦੇ ਬਾਵਜੂਦ ਉਨ੍ਹਾਂ ਦੇ ਮੋਹ ਦੀਆਂ ਤੰਦਾਂ ਆਪਣੀ ਮਿੱਟੀ ਤੇ ਆਪਣੇ ਵਿਰਸੇ ਨਾਲ ਜੁੜੀਆਂ ਹੋਈਆਂ ਹਨ। ਮੈਂ ਉਨ੍ਹਾਂ ਦੀ ਸ਼ਾਇਰੀ ਨੂੰ ਪੜ੍ਹਿਆ ਤੇ ਮਾਣਿਆਂ ਹੈ। ਨਵੇਂ ਆ ਰਹੇ ਗ਼ਜ਼ਲ ਸੰਗ੍ਰਹਿ ਨੂੰ ਮੈਂ ਜੀ ਆਇਆ ਆਖਦਾ ਹਾਂ।

*- ਡਾ. ਚਰਨਜੀਤ ਸਿੰਘ ਉਡਾਰੀ, ਸੰਗਰੂਰ*

Bhupinder you have created the taste for a special literature of Punjabi language. All the ghazals are peace giving to the mind. One can find the true way of life. I am impressed too much.

*- Capt. Romesh Lal, Dehradun*

My words probably do not carry much substance, but I have been drenched and equally attained a certain kind of tranquillity by reaching your charismatic writing with no two thoughts in my mind. I can easily slip into a sense of calmness and euphoria of being nostalic having my eyes immersed into your work. Respect and regards.

*- Prof. Hardeep Singh Sandhu*

# ਧਨਵਾਦ

*– ਭੁਪਿੰਦਰ ਸਿੰਘ ਸੱਗੂ*

ਗ਼ਜ਼ਲ ਅਜ ਅੰਤਰਰਾਸ਼ਟਰੀ ਪੱਧਰ 'ਤੇ ਲੋਕ ਪਿਆਰੀ ਹੋ ਚੁੱਕੀ ਹੈ। ਲੇਕਿਨ ਗ਼ਜ਼ਲ ਕਹਿਣ ਤੇ ਸੁਣਨ ਨੂੰ ਸੁਖਾਲੀ ਲਗਦੀ ਹੈ ਪਰ ਇਸ ਦਾ ਆਪਣਾ ਇਕ ਵਿਧਾਨ ਹੈ। ਇਸ ਦਾ ਆਪਣਾ ਕਾਨੂੰਨ ਹੈ ਤੇ ਇਸ ਦਾ ਆਪਣਾ ਇਕ ਕਾਇਦਾ ਹੈ। ਗ਼ਜ਼ਲ ਕੇਵਲ ਮਨੋਰੰਜਨ ਨਹੀਂ ਹੈ ਸਗੋਂ ਮਨੋ ਮੰਥਨ ਹੈ। ਅਜੋਕੇ ਯੁਗ ਦੀ ਨਵੀਂ ਚੇਤਨਾ ਵਾਲੀਆਂ ਇਹ ਰਚਨਾਵਾਂ ਮਨੁੱਖ ਦੇ ਸੰਪੂਰਨ ਵਿਆਕਤੀਤਵ, ਮਨੁੱਖੀ ਰਿਸ਼ਤਿਆਂ ਤੇ ਉਹਨਾਂ ਦੀ ਹੋਂਦ ਨੂੰ ਸਮਰਪਿਤ ਹਨ। ਪਦਾਰਥਕ ਪ੍ਰਾਪਤੀਆਂ ਦੀ ਭਜ ਦੌੜ ਵਿਚ ਮਕਾਨਕੀ ਹੋ ਗਏ ਰਿਸ਼ਤੇ ਗੁੰਮ ਹੋ ਗਏ ਹਨ। ਰਿਸ਼ਤੇ ਇਕ ਜੰਗਲ ਦੇ ਰੂਪ ਵਿਚ ਵਟ ਗਏ ਹਨ ਜਿੱਥੇ ਮਨੁੱਖ ਗਵਾਚ ਗਿਆ ਹੈ। ਵਿਚਾਰਕ ਦ੍ਰਿਸ਼ਟੀ ਤੋਂ ਅਤੇ ਵਸਤੂ ਸੰਸਾਰ ਸਿਰਜਣ ਦੇ ਪੱਖ ਤੋਂ ਇਹ ਰਚਨਾਵਾਂ ਜੀਵਨ ਤੇ ਰਿਸ਼ਤਿਆਂ ਦੇ ਤਨਾਓ ਵਿੱਚੋਂ ਵਿਕਾਸ ਰੇਖਾਵਾਂ ਉਲੀਕਦੀਆਂ ਹਨ। 'ਵਗਦੀ ਰਹੇ ਝਨਾਂ' ਮੇਰੀ ਦਸਵੀਂ ਪੁਸਤਕ ਹੈ ਤੇ ਇਸ ਨਵੇਂ ਗ਼ਜ਼ਲ ਸੰਗ੍ਰਹਿ ਦਾ ਨਜ਼ਰਾਨਾ ਪਾਠਕਾਂ ਦੀ ਨਜ਼ਰ ਕਰਦੇ ਹੋਏ ਮੈਨੂੰ ਬੇਹੱਦ ਖ਼ੁਸ਼ੀ ਹੋ ਰਹੀ ਹੈ। ਉਮੀਦ ਕਰਦਾ ਹਾਂ ਸਾਹਿਤ ਪ੍ਰੇਮੀ ਅਤੇ ਗ਼ਜ਼ਲ ਦੇ ਪੁਜਾਰੀ ਇਸ ਗ਼ਜ਼ਲ ਸੰਗ੍ਰਹਿ ਨੂੰ ਬਹੁਤ ਪਿਆਰ ਰੀਝ ਅਤੇ ਨੀਝ ਦੇ ਨਾਲ ਪੜ੍ਹਨ ਦਾ ਉਪਰਾਲਾ ਕਰਕੇ ਆਪਣੇ ਨਾਚੀਜ਼ ਭੂਪਿੰਦਰ ਨੂੰ ਧਨਵਾਦੀ ਬਣਾਉਣਗੇ।

ਮੈਂ ਆਪਣੇ ਇਸ ਤਹਿਰੀਕੀ ਸਫ਼ਰ ਨੂੰ ਇਕੱਲਾ ਹੀ ਤੈਅ ਨਹੀਂ ਕਰ ਸਕਦਾ ਸਾਂ। ਇਸ ਵਿਚ ਸਹਿਯੋਗ, ਸਹਾਇਤਾ, ਸੁਝਾਓ ਤੇ ਮਾਰਗ ਦਰਸ਼ਨ ਦੀ ਸਖ਼ਤ ਜ਼ਰੂਰਤ ਸੀ। ਅਜ ਮੈਂ ਜਿਸ ਮੁਕਾਮ ਤੇ ਹਾਂ ਸ਼ਾਇਦ ਨਾ ਪਹੁੰਚ ਪਾਉਂਦਾ ਅਗਰ ਮੈਂ ਅਦੀਬਾਂ, ਉਸਤਾਦਾਨਾਂ ਹਸਤੀਆਂ ਦੀ ਉਂਗਲ ਫੜਕੇ ਨਾ ਤੁਰਦਾ ਜੋ ਮੇਰੇ ਸਾਹਿਤਕ ਸਫ਼ਰ ਵਿਚ ਆਏ। ਮੈਂ ਸ਼ੁਕਰਗੁਜ਼ਾਰ ਹਾਂ ਜਨਾਬ ਬਚਿੰਤ ਕੁਮਾਰ ਐਸ਼ ਕਰਨਾਣਵੀ, ਡਾ. ਰਣਧੀਰ ਸਿੰਘ ਚੰਦ, ਉਸਤਾਦ ਨਿਰੰਜਨ ਸਿੰਘ ਨੂਰ, ਜਨਾਬ ਨਦੀਮ ਪਰਮਾਰ, ਡਾ. ਦਵਿੰਦਰ ਕੌਰ, ਗੁਰਦਾਸ ਸਿੰਘ ਪਰਮਾਰ, ਡਾ. ਪ੍ਰੀਤਮ ਸਿੰਘ ਕੈਰੋ, ਸ. ਬਲਵੰਤ ਸਿੰਘ ਬੈਂਸ ਅਤੇ ਹੋਰ ਨਾਮੀ ਸ਼ਖ਼ਸੀਅਤਾਂ ਦਾ। 'ਵਗਦੀ ਰਹੇ ਝਨਾਂ' ਨੂੰ ਮੰਜ਼ਿਲ 'ਤੇ ਪਹੁੰਚਾਉਣ ਲਈ ਗ਼ਜ਼ਲਗੋ ਉਸਤਾਦ ਗੁਰਦਿਆਲ ਰੌਸ਼ਨ, ਉਸਤਾਦ ਸ਼ਾਇਰ



ਇਕਵਿੰਦਰ ਸਿੰਘ ਤੇ ਉਸਤਾਦ ਗੁਰਸ਼ਰਨ ਸਿੰਘ ਅਜੀਬ ਦਾ ਮੇਰਾ ਦਿਲੋਂ ਸਹਿਯੋਗ ਦੇ ਕੇ ਗ਼ਜ਼ਲ ਦੇ ਇਸ ਗਗਨ ਵਿਚ ਪਰਵਾਜ਼ ਭਰਨ ਲਈ ਪ੍ਰੇਰਨਾ, ਉਤਸ਼ਾਹ, ਹਿੰਮਤ, ਦਲੇਰੀ, ਪਥ ਪ੍ਰਦਰਸ਼ਕ ਤੇ ਉਸਤਾਦਾਨਾਂ ਫ਼ਰਜ਼ ਨਿਭਾ ਕੇ ਮੇਰੇ ਇਸ ਕਠਿਨ ਮਸਲੇ ਨੂੰ ਹੱਲ ਕਰਨ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਪੂਰੀ ਦਿਲੀ ਲਗਨ ਤੇ ਸਚਾਈ ਨਾਲ ਮਦਦ ਕੀਤੀ। ਮੈਂ ਇਹਨਾਂ ਦੀ ਸਹਾਇਤਾ, ਸਹਿਯੋਗ ਤੇ ਸਾਹਿਤਕ ਇਸਲਾਹ ਲਈ ਬਹੁਤ ਹੀ ਇਹਸਾਨਮੰਦ ਹਾਂ। ਮੈਂ ਉਸਤਾਦ ਸੁਲੱਖਣ ਸਰਹੱਦੀ ਜੀ ਦਾ ਵੀ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਮੇਰੇ ਇਸ ਸੰਗ੍ਰਹਿ ਲਈ ਆਪਣੇ ਵਿਚਾਰ ਦੇ ਕੇ ਚਾਰ ਚੰਨ ਲਾਏ ਹਨ।

ਜਿਸ ਤਰ੍ਹਾਂ ਝਨਾਂ ਦੀ ਹਰ ਲਹਿਰ ਸੋਹਣੀ ਦੇ ਸੱਚੇ ਅਤੇ ਰੂਹਾਨੀ ਪਿਆਰ ਦਾ ਪੈਗ਼ਾਮ ਹਰ ਪੰਜਾਬੀ ਨੂੰ ਦੇ ਰਹੀ ਹੈ, ਮੈਂ ਚਾਹੁੰਦਾ ਹਾਂ ਮੇਰੀ ਕਲਮ ਵੀ ਇਸੇ ਤਰ੍ਹਾਂ ਹਰ ਪੰਜਾਬੀ ਨੂੰ ਪਿਆਰ ਦੀ ਮਹਿਕ, ਭਾਸ਼ਾਈ ਲਗਨ ਤੇ ਦਿਲੀ ਭਾਵਨਾਵਾਂ ਨਾਲ ਜੋੜਦੀ ਰਹੇ। ਦੋਨਾਂ ਹੀ ਪੰਜਾਬਾਂ ਦੇ ਖਿੱਤਿਆਂ ਦੇ ਵਸਨੀਕ ਇਸ ਤੋਂ ਫੈਜ਼ਯਾਬ ਹੋ ਸਕਣ ਅਤੇ ਪਿਆਰ ਹੀ ਸਾਡਾ ਮਜ਼ਹਬ ਬਣ ਜਾਵੇ। ਅਖ਼ੀਰ ਵਿਚ ਮੈਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਦੀ ਖੈਰ ਮੰਗਦਾ ਹਾਂ।

•

ਵਗਦੀ ਰਹੇ ਝਨਾਂ ਗ਼ਜ਼ਲ ਹੈ।
ਸਬਜ਼ ਬਹਾਰ ਹਿਨਾਂ ਗ਼ਜ਼ਲ ਦੀ।

•

ਜ਼ਰਾ ਕੁ ਮੁਸਕਰਾਓ, ਹੁਣ ਤੁਸੀਂ ਹੋ ਬੀਤਿਆ ਛੱਡੋ,
ਗ਼ਜ਼ਲ ਦੀ ਸ਼ਾਮ ਹੈ ਆਓ, ਮਨਾਈਏ ਜਸ਼ਨ ਅੱਜ ਰਲ ਕੇ।

•

ਬਹਿਰਾਂ ਉੱਤੇ ਪਹਿਰਾ ਦਿੰਦੇ ਸ਼ਾਇਰ ਵਿਰਲੇ ਵਿਰਲੇ ਹੀ,
ਸੁੰਦਰ ਮਤਲੇ, ਮਕਤੇ ਹੁੰਦੇ ਰਾਂਗਲੀਆਂ ਮੁਸਕਾਨਾਂ ਨੇ।

•

ਸ਼ਬਦਾਂ ਦਾ ਇਹ ਸਮੁੰਦਰ ਜਿਸ ਵਿਚ ਅਮੋਲ ਮੋਤੀ,
ਗਹਿਰਾਂ 'ਭੁਪਿੰਦਰ' ਪਾਣੀ ਮੇਰੀ ਗ਼ਜ਼ਲ ਦਾ ਮਤਲਾ।

## ਵਗਦੀ ਰਹੇ ਝਨਾਂ

ਵਗਦੀ ਰਹੇ ਝਨਾਂ ਗ਼ਜ਼ਲ ਹੈ।
ਸਬਜ਼ ਬਹਾਰ ਹਿਨਾਂ ਗ਼ਜ਼ਲ ਦੀ।

ਇਸ ਦੀ ਆਉਧ ਲੰਮੇਰੀ ਹੋਵੇ,
ਰਹਾਂ ਮਾਣਦਾ ਛਾਂ ਗ਼ਜ਼ਲ ਦੀ।

ਢਾਹ ਦੇਵੇ ਸਰਹੱਦਾਂ ਨੂੰ ਇਹ,
ਹਰ ਦਿਲ ਹੋਵੇ ਥਾਂ ਗ਼ਜ਼ਲ ਦੀ।

ਮੇਟ ਦਏ ਨਫ਼ਰਤ ਦੀ ਕਾਲਖ,
ਮਿੱਠੀ ਰਹੇ ਜ਼ੁਬਾਂ ਗ਼ਜ਼ਲ ਦੀ।

ਮੈਂ ਦੇਖਾਂ ਨਿੱਤ ਹੁੰਦੀ ਚਰਚਾ,
ਅੰਬਰ ਤੋਂ ਵੀ ਪਰ੍ਹਾਂ ਗ਼ਜ਼ਲ ਦੀ।

ਇਹ ਕੁੱਜੇ ਵਿਚ ਸਾਗਰ 'ਸੱਗੂ',
ਤਾਂ ਹੀ ਸਿਫ਼ਤ ਕਰਾਂ ਗ਼ਜ਼ਲ ਦੀ।

ਪੰਜਾਬੀ ਦੇ ਕਾਵਿ 'ਚ 'ਸੱਗੂ',
ਸਭ ਤੋਂ ਉੱਚੀ ਥਾਂ ਗ਼ਜ਼ਲ ਦੀ।



## ਝਨਾਂ ਦਾ ਪਾਣੀ

ਵਗਦੀ ਝਨਾਂ ਦਾ ਪਾਣੀ, ਮੇਰੀ ਗ਼ਜ਼ਲ ਦਾ ਮਤਲਾ।
ਹੈ ਆਸ਼ਿਕਾਂ ਦਾ ਹਾਣੀ, ਮੇਰੀ ਗ਼ਜ਼ਲ ਦਾ ਮਤਲਾ।

ਸੁੰਦਰ ਹੁਸੀਨ ਮੰਜ਼ਰ, ਹੈ ਕੁਦਰਤੀ ਫ਼ੁਹਾਰਾ,
ਝਰਨੇਂ ਦਾ ਮਿੱਠਾ ਪਾਣੀ, ਮੇਰੀ ਗ਼ਜ਼ਲ ਦਾ ਮਤਲਾ।

ਚੰਨ ਚੌਦਵੀਂ ਦੇ ਵਰਗਾ ਜਲਵਾ ਹੈ ਇਸਦਾ ਯਾਰੋ,
ਇੰਦਰਧਨੁਸ਼ੀ ਤਾਣੀ, ਮੇਰੀ ਗ਼ਜ਼ਲ ਦਾ ਮਤਲਾ।

ਨੀਲੇ ਆਕਾਸ਼ ਹੇਠਾਂ ਬਹਿ ਕੇ ਮੈਂ ਸਿਰਜਿਆ ਹੈ,
ਕਹਿੰਦਾ ਹੈ ਇਕ ਕਹਾਣੀ, ਮੇਰੀ ਗ਼ਜ਼ਲ ਦਾ ਮਤਲਾ।

ਸੂਰਜਮੁਖੀ ਦਾ ਫੁੱਲ ਹੈ, ਸੂਹਾ ਗੁਲਾਬ ਹੈ ਇਹ,
ਅੱਖਾਂ 'ਚੋਂ ਡੁਲ੍ਹਦਾ ਪਾਣੀ, ਮੇਰੀ ਗ਼ਜ਼ਲ ਦਾ ਮਤਲਾ।

ਹਿਰਨੀ ਦੀ ਚਾਲ ਚੱਲੇ ਤਿੱਖੀ ਕਟਾਰ 'ਤੇ ਵੀ,
ਹੈ ਲੋਕਤਾ ਦੀ ਬਾਣੀ, ਮੇਰੀ ਗ਼ਜ਼ਲ ਦਾ ਮਤਲਾ।

ਸ਼ਬਦਾਂ ਇਹ ਸਮੁੰਦਰ ਜਿਸ ਵਿਚ ਅਮੋਲ ਮੋਤੀ,
ਘੱਟ ਨਾ 'ਭੂਪਿੰਦਰ' ਜਾਣੀ ਮੇਰੀ ਗ਼ਜ਼ਲ ਦਾ ਮਤਲਾ।

## ਸਾਗਰ ਕੰਢੇ

ਸਾਗਰ ਕੰਢੇ ਬੈਠਾ ਤੱਕਾਂ, ਕੁਦਰਤ ਦਾ ਦਸਤੂਰ।
ਚੜ੍ਹਦਾ ਢਲਦਾ ਸੂਰਜ ਦੇਖਾਂ ਦਿਸਹੱਦੇ ਤੋਂ ਦੂਰ।

ਮਾਰੂਥਲ ਨੂੰ ਕੈਕਟਸ ਪੁੱਛਣ ਕਦ ਆਊ ਬਰਸਾਤ,
ਅਸੀਂ ਵੀ ਤੱਕੀਏ ਅਪਣੇ ਉੱਤੇ ਆਸਾਂ ਵਾਲਾ ਬੂਰ।

ਤੂੰ ਕਿਉਂ ਮੈਥੋਂ ਏਨਾਂ ਸਹਿਮੇਂ ਆਵੇਂ ਨਾ ਨਜ਼ਦੀਕ,
ਮੈਂ ਜਦ ਤੇਰੇ ਕੋਲ ਹਾਂ ਆਉਂਦਾ ਤੂੰ ਕਿਉਂ ਜਾਵੇਂ ਦੂਰ।

ਕੁਰਬਾਨੀ ਦਾ ਜਜ਼ਬਾ ਮੇਰਾ ਇਕ ਦਿਨ ਰੰਗ ਲਿਆਊ,
ਸੂਲੀ ਉੱਤੇ ਚੜ੍ਹ ਕੇ ਏਦਾਂ ਆਖ ਰਿਹਾ ਮਨਸੂਰ।

ਦਿਲ ਦੀ ਧੜਕਣ, ਨਾਮ ਤਿਰੇ ਦਾ ਹਰਦਮ ਕਰਦੀ ਜਾਪ,
ਫ਼ਰਜ਼ ਤਿਰੇ 'ਤੇ ਦੇਵਾਂ ਪਹਿਰਾ ਯਾਰ 'ਨਿਰੰਜਨ ਨੂਰ'।

ਮਾਰੀ ਜਾ ਨਾ ਪੱਥਰ ਤੂੰ ਸ਼ੀਸ਼ੇ ਦੇ ਘਰ ਵਿਚ ਬਹਿ ਕੇ,
ਨਾ ਟੁੱਟੇ ਦਿਲ ਜੁੜਦੇ 'ਸੁੱਗੂ' ਨਾ ਹੀ ਸ਼ੀਸ਼ੇ ਚੂਰ।



## ਯੋਗੀ

ਰਹਿਬਰ ਸਾਡੇ ਨ੍ਹੇਰੇ ਦੇ ਵਿਚ ਹੁਣ ਖ਼ੁਦ ਨੂੰ ਹੀ ਟੋਲਣ।
ਲੋਕਾਂ ਤਾਈਂ ਪਾਉਣ ਭੁਲੇਖੇ, ਸੱਚ ਕਦੇ ਨਾ ਬੋਲਣ।

ਫੁੱਲਾਂ ਦਾ ਰਸ ਪੀ ਕੇ ਮਿੱਟੀ ਵਿੱਚ ਮਿਲਾ ਦਿੰਦੇ ਨੇ,
ਅਜ ਕਲ੍ਹ ਯੋਗੀ ਰਸ ਦੇ ਭੋਗੀ ਮਾਲ ਪਰਾਇਆ ਟੋਲਣ।

ਚਿੱਟੇ, ਨੀਲੇ, ਪੀਲੇ, ਭਗਵੇਂ ਪਾ ਕੇ ਵਸਤਰ ਫਿਰਦੇ,
ਕਸਮਾਂ ਖਾਣੇ ਵਾਲੇ ਏਥੇ ਕੁਫ਼ਰ ਹਮੇਸ਼ਾਂ ਤੋਲਣ।

ਪਹਿਨ ਖੜਾਵਾਂ ਰਬ ਨਾ ਮਿਲਦਾ, ਨਾ ਯੋਗੀ ਦੇ ਟਿੱਲੇ,
ਰੱਬ ਦਿਲਾਂ ਦੇ ਅੰਦਰ ਵਸਦਾ, ਲੋਕੀਂ ਥਾਂ ਥਾਂ ਟੋਲਣ।

ਮਾਂ ਦੇ ਅੱਥਰੂਆਂ ਦੀ ਕੀਮਤ ਭੁੱਲ ਗਏ ਧੀਆਂ, ਪੁੱਤਰ,
ਨਸ਼ਿਆਂ ਦੇ ਲੜ ਲਗ ਕੇ 'ਸੱਗੂ' ਬਾਪੂ ਦੀ ਪੱਗ ਰੋਲਣ।

## ਅਪਣੀ ਮੌਜ

ਤੂੰ ਅਪਣੀ ਮੌਜ ’ਚ ਰਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।
ਜੋ ਦਿਲ ਕਹਿਣੀ ਦੀ ਕਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।

ਉਹ ਹਾਸਿਲ ਕਰ ਚੰਦ ਸਿੱਕਿਆ ਨੂੰ, ਹੈ ਅਜ ਅਸਮਾਨੀਂ ਜਾ ਚੜ੍ਹਿਐ,
ਬਣ ਮਸਤ-ਕਲੰਦਰ ਰਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।

ਹੋਰਾਂ ਦਾ ਹੱਕ ਜੋ ਖੋਂਹਦਾ ਹੈ, ਉਹ ਸਭ ਦਾ ਦੁਸ਼ਮਣ ਹੁੰਦਾ ਹੈ,
ਤੂੰ ਹਰ ਮੁਸ਼ਕਿਲ ਸੰਗ ਖਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।

ਤਕਦੈਂ ਜੋ ਮਹਿਲ ਜਹਾਲਤ ਦੇ, ਕਰ ਰੰਜ ਨਾ ਬਹੁਤਾ ਇਹਨਾਂ ’ਤੇ,
ਸਭ ਛੇਤੀਂ ਜਾਣੇ ਢਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਲੈਣਾ।

ਚਾਨਣ ਦਾ ਹੋਕਾ ਦੇਵਣ ਜੋ, ਪਰ ਕਾਲਖ਼ ਵੰਡਣ ਲੋਕਾਂ ਨੂੰ,
ਤੂੰ ਦੂਰ ਉਨ੍ਹਾਂ ਤੋਂ ਰਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।

‘ਸੁੱਗੂ’ ਦੇ ਯਾਰ ਨਿਰਾ ਸੋਨਾ, ਉਹ ਉਸਦੀ ਦੌਲਤ-ਦੁਨੀਆਂ ਨੇ,
ਰਲ ਨਾਲ ਉਨ੍ਹਾਂ ਦੇ ਬਹਿ ਮਿਤਰਾ, ਤੂੰ ਇਸ ਦੁਨੀਆਂ ਤੋਂ ਕੀ ਲੈਣਾ।



## ਝੱਖੜ ਦੇ ਆਸਾਰ

ਝੱਖੜ ਦੇ ਆਸਾਰ ਦਿਖਾਈ ਦਿੰਦੇ ਨੇ।
ਰੁੱਸੇ ਅਜ ਸਰਕਾਰ ਦਿਖਾਈ ਦਿੰਦੇ ਨੇ।

ਸੜਦੀ ਬਲਦੀ ਨਗਰੀ ਨੂੰ ਮੈਂ ਕਿੰਝ ਜਰਾਂ,
ਉਜੜੇ ਘਰ ਪਰਵਾਰ ਦਿਖਾਈ ਦਿੰਦੇ ਨੇ।

ਮੁਰਦਾ ਦਿਲ ਕੀ ਜਾਨਣ ਦਿਲ ਦੀ ਦੂਰੀ ਨੂੰ,
ਖ਼ੁਦ ਹੀ ਜੋ ਦੁਸ਼ਵਾਰ ਦਿਖਾਈ ਦਿੰਦੇ ਨੇ।

ਹਾਕਿਮ ਲੁੱਟਦਾ ਜਾਵੇ ਯਾਰ ਗ਼ਰੀਬਾਂ ਨੂੰ,
ਹੁਣ ਮਾੜੇ ਆਸਾਰ ਦਿਖਾਈ ਦਿੰਦੇ ਨੇ।

ਆਖ਼ਿਰ ਤੂੰ ਵੀ ਇਸ ਅਗਨੀ ਵਿਚ ਜਲ ਜਾਣਾ,
ਹਰ ਪਾਸੇ ਅੰਗਿਆਰ ਦਿਖਾਈ ਦਿੰਦੇ ਨੇ।

ਬਾਗ਼ੀ ਹੋਏ ਬੱਚੇ ਮਰਜ਼ੀ ਕਰਦੇ ਹਨ,
ਮਾਪੇ ਪਰ ਲਾਚਾਰ ਦਿਖਾਈ ਦਿੰਦੇ ਨੇ।

ਬਟਵਾਰਾ, ਵੱਖ ਹੋਣਾਂ ਸੌਖਾ ਕਦ ਹੁੰਦੈ,
ਪਾਟੇ ਘਰ ਸੰਸਾਰ ਦਿਖਾਈ ਦਿੰਦੇ ਨੇ।

ਬੀਤੇ ਯੁਗ ’ਤੇ ਜਦ ਵੀ ਵਿਚ ਝਾਤੀ ਮਾਰਾਂ ਮੈਂ,
ਖਿੰਡਰੇ ਪੁੰਡਰੇ ਯਾਰ ਦਿਖਾਈ ਦਿੰਦੇ ਨੇ।

ਪੱਬੀਂ ਜਾ ਜਾ ਯਾਰ ਨ ‘ਸੱਗੂ’ ਲੱਭਿਆ ਕਰ,
ਪੱਬੀਂ ਸਭ ਦੁਖਿਆਰ ਦਿਖਾਈ ਦਿੰਦੇ ਨੇ।

ਕੌਣ ਗੁਜ਼ਰਿਆ ਹੈ ਏਥੋਂ ਦੀ ਐ ‘ਸੱਗੂ’,
ਖੰਡਰ ਵੀ ਗੁਲਜ਼ਾਰ ਦਿਖਾਈ ਦਿੰਦੇ ਨੇ।

## ਤੂੰ ਕੀ ਜਾਣੇ

ਤੂੰ ਕੀ ਜਾਣੇ, ਤੂੰ ਨਾ-ਕਾਬਿਲ, ਇਸ਼ਕ ਨਚਾਵੇ ਆਸ਼ਿਕ ਨੂੰ।
ਇਸਦਾ ਖ਼ੰਜਰ ਕਰਦਾ ਘਾਇਲ, ਇਸ਼ਕ ਨਚਾਵੇ ਆਸ਼ਿਕ ਨੂੰ।

ਆਪੇ ਚੱਪੂ, ਆਪੇ ਕਿਸ਼ਤੀ, ਆਪੇ ਹੀ ਪਤਵਾਰ ਹੈ ਉਹ,
ਜੇਕਰ ਮੁਰਸ਼ਦ ਹੋਏ ਕਾਮਿਲ, ਇਸ਼ਕ ਨਚਾਵੇ ਆਸ਼ਿਕ ਨੂੰ।

ਜੇ ਤੈਨੂੰ ਉਸ ਨਾਲ ਮੁਹੱਬਤ, ਪਾਣੀ ਉਹਦਾ ਭਰਦਾ ਚਲ,
ਉਸ ਦੇ ਪ੍ਰੇਮ 'ਚ ਹੋ ਜਾ ਪਾਗ਼ਿਲ, ਇਸ਼ਕ ਨਚਾਵੇ ਆਸ਼ਿਕ ਨੂੰ।

ਮਨ ਦੇ ਸੁਪਨੇ ਹੋਣ ਜੇ ਪੂਰੇ, ਕਲਮਾਂ ਨੂੰ ਵਰਦਾਨ ਮਿਲੇ,
ਉਹ ਬੰਦਾ ਨਾ ਰਹਿੰਦਾ ਗ਼ਾਫ਼ਿਲ, ਇਸ਼ਕ ਨਚਾਵੇ ਆਸ਼ਿਕ ਨੂੰ।

ਮਿਕਨਾਤੀਸੀ ਖਿੱਚ ਯਾਰ ਦੀ, ਦਿਲ ਨੂੰ ਟਿਕਣ ਨਹੀਂ ਦਿੰਦੀ,
ਉਹ ਰਹਿੰਦਾ ਹੈ ਥਾਂ ਥਾਂ ਸ਼ਾਮਿਲ, ਇਸ਼ਕ ਨਚਾਵੇ ਆਸ਼ਿਕ ਨੂੰ।

ਬੋਲ ਫ਼ਕੀਰੀ ਜਿਸ ਮਨ ਭਾਂਦੇ, ਗਿਆਨ ਦਾ ਸਾਗਰ ਬਣ ਜਾਂਦੈ,
ਖ਼ੈਰ ਫ਼ਕੀਰੀ ਹੋਏ ਹਾਸਿਲ, ਇਸ਼ਕ ਨਚਾਵੇ ਆਸ਼ਿਕ ਨੂੰ।

'ਸੱਗੂ' ਸੂਫ਼ੀ ਸ਼ਾਇਰ ਅੰਦਰ, ਰੰਗ ਰਹੇ ਇਕਸਾਰ ਸਦਾ,
ਦੋਨੋਂ ਪੈਰੀਂ ਬੰਨ੍ਹ ਕੇ ਪਾਇਲ, ਇਸ਼ਕ ਨਚਾਵੇ ਆਸ਼ਿਕ ਨੂੰ।



## ਹਾਲ ਦਿਲ ਦਾ

ਹਾਲ ਦਿਲ ਦਾ ਦੋਸਤਾ, ਤੈਥੋਂ ਛੁਪਾਵਾਂ ਕਿਸ ਤਰ੍ਹਾਂ?
ਜ਼ਖ਼ਮ ਜੋ ਦਿੱਤੇ ਨੇ ਤੂੰ ਇਹ ਮੈਂ ਭੁਲਾਵਾਂ ਕਿਸ ਤਰ੍ਹਾਂ?

ਦੇਖਣੇ ਨੂੰ ਦੂਰ ਹਾਂ ਭਾਵੇਂ, ਦਿਲੋਂ ਨਜ਼ਦੀਕ ਹਾਂ,
ਦੂਰੀਆਂ ਪਈਆਂ ਜੋ ਅਪਣੇ ਵਿਚ ਮਿਟਾਵਾਂ ਕਿਸ ਤਰ੍ਹਾਂ।

ਰੇਤ ਵਾਂਗੂੰ ਉਮਰ ਹੈ ਹਰ ਰੋਜ਼ ਭੁਰਦੀ ਜਾ ਰਹੀ,
ਦਰ-ਬ-ਦਰ ਦੀ ਭਟਕਣਾਂ ਨੂੰ, ਮੈਂ ਹੰਢਾਵਾਂ ਕਿਸ ਤਰ੍ਹਾਂ।

ਨਾ ਮਿਟੀ ਹੈ ਪਿਆਸ ਮੇਰੀ, ਪੀ ਲਿਆ ਸਾਗਰ ਵੀ ਮੈਂ,
ਰੂਹ ਨੂੰ ਲੱਗੀ ਪਿਆਸ ਜੋ, ਇਸ ਨੂੰ ਮਿਟਾਵਾਂ ਕਿਸ ਤਰ੍ਹਾਂ।

ਝੱਖੜਾਂ ਵਿਚ ਪਲ 'ਚ ਮੇਰਾ, ਆਲ੍ਹਣਾ ਲੁਟਿਆ ਗਿਆ,
ਬਚ ਗਏ ਨੇ ਆਲ੍ਹਣੇਂ ਜਿਹੜੇ ਬਚਾਵਾਂ ਕਿਸ ਤਰ੍ਹਾਂ?

ਉਸ ਸਮੇਂ ਆਵੇ ਕਿਆਮਤ, ਤੂੰ ਨਾ ਹੋਵੇ ਪਾਸ ਜਦ,
'ਸੱਗੂ' ਮੈਂ ਇਸ ਹਾਲ ਵਿਚ ਦੱਸ ਮੁਸਕਰਾਵਾਂ ਕਿਸ ਤਰ੍ਹਾਂ।

## ਸੁਹਾਨੀ ਸ਼ਾਮ

ਸੁਹਾਨੀ ਸ਼ਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।
ਲਿਆ ਦਿਲ ਥਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।

ਜ਼ਰਾ ਕੁ ਮੁਸਕਰਾਓ ਹੁਣ ਤੁਸੀਂ ਹੋ ਬੀਤਿਆ ਛੱਡੋ,
ਗ਼ਜ਼ਲ ਦੀ ਸ਼ਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।

ਝਮੇਲੇ ਛੱਡ ਕੇ ਕਰੀਏ ਜ਼ਰਾ ਰੰਗੀਨ ਇਹ ਮਹਿਫਿਲ,
ਛਲਕਦਾ ਜਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।

ਵਫ਼ਾਵਾਂ ਦਾ ਜਫ਼ਾਵਾਂ ਸਿਰ ਸਦਾ ਇਲਜ਼ਾਮ ਰਹਿੰਦਾ ਹੈ,
ਕਿ ਮਨ ਉਪਰਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।

ਨਾ ਵਅਦੇ ਤੋੜਦਾ 'ਸੱਗੂ' ਨਾ ਕੱਚੇ ਕੌਲ ਕਰਦਾ ਹੈ,
ਮਿਰਾ ਪੈਗ਼ਾਮ ਹੈ ਯਾਰੋ, ਮਨਾਈਏ ਜਸ਼ਨ ਅੱਜ ਰਲ ਕੇ।



## ਵਸਲ ਦਾ ਗੀਤ

ਵਸਲ ਦਾ ਗੀਤ ਜੇ ਗਾਉਂਦੇ ਤਾਂ ਮਨ ਬੇਚੈਨ ਨਾ ਹੁੰਦਾ।
ਜੇ ਫੱਟ 'ਤੇ ਮਲ੍ਹਮ ਕੁੱਝ ਲਾਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਅਸਾਡੇ ਦੇਖਦੇ ਹੀ ਦੇਖਦੇ ਝਟ ਡੁਬ ਗਈ ਕਿਸਤੀ,
ਬਚਾ ਜੇ ਓਸ ਨੂੰ ਆਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਹੈ ਪਸਰੀ ਰਾਤ ਦਹਿਸ਼ਤ ਦੀ ਤੇ ਰਾਹਾਂ ਵਿਚ ਹਨ੍ਹੇਰਾ ਹੈ,
ਜੇ ਜੁਗਨੂੰ ਪੰਧ ਰੁਸ਼ਨਾਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਕਿਵੇਂ ਕੋਈ ਫੂਕ ਜਾਂਦਾ ਆ ਕੇ ਆਸਾਂ ਦੀ ਕਿਆਰੀ ਨੂੰ,
ਅਸੀਂ ਕੁਝ ਹੋਸ਼ ਵਿਚ ਆਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਚੜ੍ਹੇ ਤੂਫ਼ਾਨ ਨਾ ਖੜ੍ਹਦੇ ਕਦੇ ਵੀ, ਇਸ਼ਕ ਦੇ ਅੱਗੇ,
ਜੇ ਇਸ ਕੋਲੋਂ ਨਾ ਘਬਰਾਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਅਸਾਡੇ ਰਾਖਿਆਂ ਦੇ ਹੁੰਦਿਆਂ ਲੁੱਟੇ ਗਏ ਆਪਾਂ,
ਕਿਸੇ ਧੋਖੇ 'ਚ ਨਾ ਆਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

ਤਿਰੇ ਸਹਿਰਾ ਜਿਹੇ ਦਿਲ ਵਿਚ ਨਾ 'ਸੱਗੂ' ਆਂਵਦਾ ਕੋਈ,
ਗ਼ਜ਼ਲ ਜਾਂ ਗੀਤ ਜੇ ਗਾਉਂਦੇ ਤਾਂ ਮਨ ਬੇਚੈਨ ਨਾ ਹੁੰਦਾ।

## ਲੋਅ ਲੈ ਕੇ

ਮਨ 'ਚੋਂ ਨ੍ਹੇਰਾ ਮਿਟ ਜਾਂਦੈ ਛੂਹ ਸਕਦੇ ਹੋ ਅਸਮਾਨ।
ਸ਼ਬਦਾਂ ਤੋਂ ਲੋਅ ਲੈ ਕੇ ਬੰਦਾ ਬਣ ਜਾਵੇ ਇਨਸਾਨ।

ਨਾਰੀ ਵਿਦਿਆ ਹੀਣ ਨਾ ਹੋਵੇ, ਸਮੇਂ ਦੀ ਹਾਨਣ ਹੋਵੇ,
ਇਸ ਨੂੰ ਵਿਦਿਆ ਨਾ ਦੇਣੀ ਹੈ ਵਿਦਿਆ ਦਾ ਅਪਮਾਨ।

ਇਧਰ-ਉਧਰ ਜਦ ਮੈਂ ਤੱਕਾਂ ਹਰ ਥਾਂ ਕਹਿਰ ਹੀ ਵਰਤੇ,
ਮਾਨਵ ਮੂਲੋਂ ਕਦਰਾਂ ਭੁੱਲ ਕੇ ਬਣ ਬੈਠਾ ਸ਼ੈਤਾਨ।

ਵੇਖਣ ਨੂੰ ਉਹ ਸ਼ਾਹ-ਸਿਕੰਦਰ ਪਰ ਹੈ ਲੋਭੀ ਪੂਰਾ,
ਮਨ ਅਪਣੇ ਦੇ ਪਿੱਛੇ ਲਗ ਕੇ ਖ਼ੋਹ ਬੈਠਾ ਈਮਾਨ।

ਮੇਰੇ ਤਨ ਦੇ ਪਰਛਾਵੇਂ ਤੋਂ ਖੌਫ਼, ਜਿਹਾ ਉਹ ਖਾਵੇ,
ਜਿਗਰ ਦਾ ਟੋਟਾ ਸੀ ਜੋ ਮੇਰਾ ਤੋੜੇ ਉਸ ਅਰਮਾਨ।

ਔਖੇ ਵੇਲੇ ਅੱਖਾਂ ਫੇਰੇ ਜੇਕਰ ਮੀਤ ਪਿਆਰਾ,
ਸੀਨੇ ਖ਼ੰਜਰ ਖੋਭ ਕੇ ਕਰਦੈ ਰੂਹ ਨੂੰ ਲਹੂ-ਲੁਹਾਨ।

ਜਿਸ ਘਰ ਅੰਦਰ ਹਾਸੇ ਗੁੰਮੇ ਸੋਗ ਦਾ ਜਿੱਥੇ ਪਹਿਰਾ,
ਉਹ ਘਰ ਵੀ ਘਰ ਹੁੰਦਾ ਨਾ, ਉਹ ਹੁੰਦਾ ਹੈ ਸਮਸ਼ਾਨ।



## ਇਹ ਮਿਸਾਲੀ

ਇਹ ਮਿਸਾਲੀ ਦੋਸਤੀ ਜੀਂਦੀ ਰਹੇ।
ਪ੍ਰੀਤ ਭਿੱਜੀ ਜ਼ਿੰਦਗੀ ਜੀਂਦੀ ਰਹੇ।

ਏਸ ਦੀ ਛਾਂਵੇ ਪਵੇ ਨਿੱਤ ਕਿੱਕਲੀ,
ਜੀਣ ਜੋਗੀ ਪਿੱਪਲੀ ਜੀਂਦੀ ਰਹੇ।

ਚੰਨ, ਸੂਰਜ, ਤਾਰਿਆਂ ਬਿਨ 'ਨ੍ਹੇਰ ਹੈ,
ਦੋਸਤੀ ਦੀ ਰੌਸ਼ਨੀ ਜੀਂਦੀ ਰਹੇ।

ਏਸ ਤੋਂ ਸੁੰਦਰ ਸੁਰਗ ਨਾ ਧਰਤ 'ਤੇ,
ਇਹ ਵਫ਼ਾ ਦੀ ਵੰਝਲੀ ਜੀਂਦੀ ਰਹੇ।

ਖ਼ੈਰ ਮੰਗੇ ਜੋ ਸਦਾ ਇਨਸਾਨ ਦੀ,
ਸੋਹਲ ਘੁੱਗੀ ਅਮਨ ਦੀ ਜੀਂਦੀ ਰਹੇ।

ਦਿਲ ਮਿਰੇ ਨੂੰ ਮੋਹ ਲਿਆ ਜਿਸ ਪੁਸ਼ਮ ਨੇ,
ਮਹਿਕ ਉਸ ਦੀ ਮਨਚਲੀ ਜੀਂਦੀ ਰਹੇ।

ਜ਼ਿੰਦਗੀ ਬਖ਼ਸ਼ੀ ਹੈ ਮੈਨੂੰ ਫੇਰ ਤੋਂ,
ਯਾਰ ਤੇਰੀ ਦਿਲਲਗੀ ਜੀਂਦੀ ਰਹੇ।

## ਰੁੱਖਾਂ ਨਾਲੋਂ

ਰੁੱਖਾਂ ਨਾਲੋਂ ਝੜ ਕੇ ਪੱਤੇ ਉੱਡ ਗਏ ਨਾਲ ਹਵਾਵਾਂ ਦੇ।
ਮਸਲ ਗਏ ਅਰਮਾਨ ਤੇ ਕਰ ਗਏ ਹਿਰਦੇ ਕਤਲ ਫ਼ਿਜ਼ਾਵਾਂ ਦੇ।

ਰਾਤ ਹਨ੍ਹੇਰੀ ਝੱਖੜ ਝੁੱਲੇ, ਨਾ ਜੁਗਨੂੰ ਨਾ ਤਾਰੇ ਹਨ,
ਸਾਗਰ ਵਿਚ ਜਦ ਛੱਲਾਂ ਉਠੀਆਂ ਟੁੱਟੇ ਬੰਨ੍ਹ ਦਰਿਆਵਾਂ ਦੇ।

ਮ੍ਰਿਗ-ਤ੍ਰਿਸ਼ਨਾ ਅੱਖਾਂ ਵਿਚ ਤੇ ਮਾਰੂਥਲ ਹੈ ਦਿਲ ਅੰਦਰ,
ਧੋਖਾ ਖਾਧਾ ਫੇਰ ਨਜ਼ਰ ਨੇ ਤੁਰ ਕੇ ਨਾਲ ਇਛਾਵਾਂ ਦੇ।

ਕਦਮ ਕਦਮ 'ਤੇ ਅੜਚਣ ਮਿੱਤਰੋ! ਜਿੰਦ ਮਘਾਈ ਰਖਦੀ ਹੈ,
ਰੱਖੀਦੇ ਹਨ ਯਾਦ ਸਦਾ ਸਿਰਨਾਵੇ ਚਾਰ ਦਿਸ਼ਾਵਾਂ ਦੇ।

ਆਸ ਦਾ ਪੱਲਾ ਫੜਕੇ ਤੁਰਿਆਂ ਜਦ ਮੈਂ ਤੁਰਿਆਂ ਮੰਜ਼ਿਲ ਵਲ,
ਰਸਤੇ ਸਨ ਸਭ ਟੇਡੇ ਮੇਢੇ ਬਿਨ ਰੁੱਖਾ ਤੇ ਛਾਵਾਂ ਦੇ।

ਪੈਰਾਂ ਦੇ ਵਿਚ, ਪੱਤਰ ਰੁਲਦੇ ਰੁੱਖ ਸਭ ਆਹਾਂ ਭਰਦੇ ਨੇ,
ਵਿੱਚ ਫਿਜ਼ਾ ਦੇ ਜਰਦੀ ਫ਼ੈਲੀ ਬਦਲੇ ਤੌਰ ਖ਼ਿਜ਼ਾਵਾਂ ਦੇ।

ਬੇਸ਼ਕ ਵੱਸਦਾ 'ਸੱਗੂ' ਅਜ ਕਲ੍ਹ ਅਪਣੇ ਰੈਣ-ਬਸੇਰੇ ਵਿਚ,
ਪਰ ਨਾ ਉਸਦੇ ਦਿਲ 'ਚੋਂ ਮਿਟਦੇ ਦੁੱਖ, ਘਟੀਆ ਘਟਨਾਵਾਂ ਦੇ।



## ਚਿਹਰੇ ਪੋਚੇ

ਚਿਹਰੇ ਪੋਚੇ ਨਜ਼ਰਾਂ ਬੁਰੀਆਂ।
ਲੋਕਾਂ ਦੇ ਹੱਥਾਂ ਵਿਚ ਛੁਰੀਆਂ।

ਆਪਾਂ ਕਹਿ ਕਹਿ ਥੱਕੇ ਯਾਰੋ,
ਹਾਕਿਮ ਕਰਦਾ ਆਪ ਹੁਦਰੀਆਂ।

ਇਸ਼ਕ ਨਿਭਾਯਾ ਖ਼ੂਬ ਉਨ੍ਹਾਂ ਨੇ,
'ਕੱਚੇ' ਚੁੱਕ ਘਰੋਂ ਜੋ ਤੁਰੀਆਂ।

ਮਹਿਲ ਬਣਾਇਆ ਖ਼ਾਹਿਸ਼ਾ ਦਾ ਜੋ,
ਆਖ਼ਿਰ ਉਸ ਦੀਆਂ ਨੀਂਹਾ ਭੁਰੀਆਂ।

ਇਹ ਜੋ ਸੁਕੀਆਂ ਨਦੀਆਂ ਦਿਸਣ,
ਸਨ ਕਦੇ ਸਾਗਰ ਨੂੰ ਤੁਰੀਆਂ।

ਮਨ ਨੂੰ ਭਾਇਆ ਜਦ ਇਹ ਮੌਸਮ,
'ਸੱਗੂ' ਨੂੰ ਫਿਰ ਗ਼ਜ਼ਲਾਂ ਫੁਰੀਆਂ।

## ਵਕਤ

ਵਕਤ ਦੀਆਂ ਸਰਕਾਰਾਂ ਲੁੱਟਣ ਅਪਣਾ ਮੀਤ ਬਣਾ ਕੇ।
ਅਜ ਕਲ੍ਹ ਰੱਖਣਾ ਮੁਸ਼ਕਿਲ ਹੋਇਆ ਅਪਣਾ ਆਪ ਬਚਾ ਕੇ।

ਜੀਵਨ ਦਾ ਹੈ ਰਸਤਾ ਇੱਕੋ ਕੂੜ ਰਵਾਇਤਾਂ ਤੋੜੋ,
ਵੈਰ ਵਿਰੋਧ ਦਿਲਾਂ 'ਚੋਂ ਕੱਢ ਕੇ ਜੀਵੋ ਭਰਮ ਮਿਟਾ ਕੇ।

ਵਿਗਿਆਨਕ ਯੁਗ ਵਿਚ ਵੀ ਕਿਉਂ ਨੇ ਪੱਥਰ ਪੂਜੇ ਜਾਂਦੇ,
ਸਾਧਾਂ ਕੋਲੋਂ ਮੁੜਦੇ ਲੋਕੀਂ ਅਪਣਾ ਆਪ ਲੁਟਾ ਕੇ।

ਮਾਨਵਤਾ ਦੇ ਹੱਕਾਂ ਉੱਤੇ ਡਾਕਾ ਪੈਂਦਾ ਰਹਿਣਾ,
ਜੇ ਰੱਖੇਂਗਾ ਤੂੰ ਅਪਣੇ ਅੰਦਰ ਦੀ ਅੱਗ ਦਬਾ ਕੇ।

ਕਹਿਣੀ ਤੇ ਕਰਨੀ ਵਿਚ ਕਦ ਤਕ ਫ਼ਰਕ ਰਹੇਗਾ ਕਾਇਮ,
ਝੂਠ ਨੂੰ ਰੱਖਾਂਗੇ ਆਪਾਂ ਕਦ ਤੀਕਰ ਸੀਨੇ ਲਾ ਕੇ।

ਧਰਮ-ਸਿਆਸਤ ਅੰਦਰ ਝਗੜੇ ਕੁਰਸੀ ਦੇ ਹਨ ਯਾਰੋ,
ਲੋਕਾਂ ਨੂੰ ਭੱਠੀ ਵਿਚ ਝੋਕਣ ਰਹਿਬਰ ਲਾਰੇ ਲਾ ਕੇ।

ਤੂੰ ਏਂ ਆਕਿਲ ਤੂੰ ਕੀ ਜਾਣੇਂ, ਇਸ਼ਕ ਦੀ ਮੰਜ਼ਿਲ ਕਿਹੜੀ,
ਸੂਲੀ 'ਤੇ ਪਰਵਾਨੇ 'ਸੱਗੂ' ਚੜ੍ਹਦੇ ਹਨ ਗਾ ਗਾ ਕੇ।



## ਔਝੜੇ ਪੈਂਡੇ

ਔਝੜੇ ਰਾਹਾਂ ਦੀਆਂ ਜੇ ਮੁਸ਼ਕਿਲਾਂ ਗਲ਼ ਲਾਓਗੇ।
ਫੇਰ ਪੱਕਾ ਮੰਜ਼ਿਲਾਂ 'ਤੇ ਖ਼ੁਦ-ਬ-ਖ਼ੁਦ ਪੁਜ ਜਾਓਗੇ।

ਦਿਲ 'ਚ ਇੱਛਾ ਜੇ ਬਦਨ ਵਿਚ ਤਾਣ ਹੈ ਤਾਂ ਫਿਰ ਤੁਸੀਂ,
ਧਰਤ ਤੇ ਆਕਾਸ਼ ਵਿਚ ਫਿਰ ਫ਼ਾਸਲਾ ਨਾ ਪਾਓਗੇ।

ਪਸਰਿਆ ਨ੍ਹੇਰਾ ਹੈ ਜਿਹੜਾ ਕੂੜ ਦਾ, ਮਿਟ ਜਾਏਗਾ,
ਰਾਤ ਦੇ ਸੀਨੇ 'ਚ ਜਦ ਕੁਈ ਦੀਪ ਬਾਲਣ ਆਉਗੇ।

ਦਿਲ ਤੁਹਾਡੇ ਵਿਚ ਜਦੋਂ ਵਿਸ਼ਵਾਸ ਪੱਕਾ ਹੋ ਗਿਆ,
ਅੱਗ ਦੇ ਦਰਿਆ ਤੁਸੀਂ ਫਿਰ ਆਪ ਹੀ ਤਰ ਜਾਓਗੇ।

ਹਰਿਕ ਪਰਬਤ ਦੋਸਤੋ ਕੋਹਤੂਰ ਨਜ਼ਰੀਂ ਆਏਗਾ,
ਜਦ ਨਜ਼ਰ ਇਹਨਾਂ 'ਤੇ ਮੂਸਾ ਵਾਂਗ ਇਕ ਪਲ ਪਾਓਗੇ।

ਖੇਡਣਾ ਤੂਫ਼ਾਨ ਸੰਗ ਜੇ ਆਪ ਨੇ ਸਿੱਖਿਆ ਨਹੀਂ,
ਰੋਵੋਗੇ ਬਹਿ ਕੇ ਤੁਸੀਂ ਆਖ਼ਿਰ ਦੇ ਵਿਚ ਪਛਤਾਉਗੇ।

ਸੂਲੀਆਂ 'ਤੇ ਨੱਚਣੇ ਦਾ ਭੇਤ ਜੇ ਨਾ ਜਾਣਿਆਂ,
ਫੇਰ 'ਸੱਗੂ' ਜ਼ਿੰਦਗੀ ਦਾ ਭੇਦ ਵੀ ਨਾ ਪਾਓਗੇ।

## ਜਿੰਦ ਮੇਰੀ

ਜਿੰਦ ਮੇਰੀ ਨਾਂ ਲੈ ਕੇ ਤੇਰਾ ਛੁਪ ਛੁਪ ਕੇ ਸ਼ਰਮਾਵੇ।
ਜਦ ਤੂੰ ਆਵੇਂ ਖੁੱਲ੍ਹ ਕੇ ਹੱਸੇ, ਟੱਪੇ, ਗਿੱਧਾ ਪਾਵੇ।

ਚਾਨਣ ਦਾ ਮੈਂ ਪੋਚਾ ਫੇਰਾਂ ਤੇਲ ਬਰੂਹੀਂ ਚੋਵਾਂ,
ਮਨ ਦੇ ਵਿਹੜੇ ਯਾਰ ਮਿਰਾ ਜਦ ਆ ਕੇ ਫੇਰੀ ਪਾਵੇ।

ਮਰ-ਮੁਕ ਜਾਣ ਜੁਦਾਈਆਂ ਸੱਭੇ ਫੇਰ ਕਦੇ ਨਾ ਆਵਣ,
ਜਿੰਦ ਸੁਹਾਗਣ ਬੈਠ ਪਲੰਘ 'ਤੇ ਮੌਜਾਂ ਨਿੱਤ ਹੰਢਾਵੇ।

ਇਹ ਨਾ ਛੁਪਦੀ ਲੱਖ ਛੁਪਾਇਆਂ ਖ਼ੌਰੂ ਸੀਨੇ ਪਾਉਂਦੀ,
ਇਸ਼ਕ ਤਿਰੇ ਦੀ ਬੂਟੀ ਮੇਰੇ ਦਿਲ ਵਿਚ ਮਹਿਕ ਖਿੰਡਾਵੇ।

ਮੰਜ਼ਿਲ ਨਾਲ ਮੁਹੱਬਤ ਮੈਨੂੰ ਉਸ ਵਲ ਤੁਰਦਾ ਜਾਵਾਂ,
ਕਾਸ਼! 'ਭੁਪਿੰਦਰ' ਹਿੰਮਤ ਮੈਨੂੰ ਟੀਸੀ 'ਤੇ ਪਹੁੰਚਾਵੇ।



## ਬੀਤੇ ਵਕਤ

ਬੀਤੇ ਵਕਤ ਬਹਾਰਾਂ ਦੇ।
ਰੰਗ ਉੱਡੇ ਗਲਜ਼ਾਰਾਂ ਦੇ।

ਪਾਣੀ ਉੱਤੇ ਲੀਕਾਂ ਹਨ,
ਵਾਅਦੇ ਮੇਰੇ ਯਾਰਾਂ ਦੇ।

ਦੇਣ ਦੁਆਵਾਂ ਜੀਣ ਦੀਆਂ,
ਕਹਿਣੇ ਕੀ ਹਨ ਯਾਰਾਂ ਦੇ!

ਹਰ ਥਾਂ ਕਤਲੋ-ਗਾਰਤ ਹੈ,
ਨਕਸ਼ੇ ਤਕ ਬਾਜ਼ਾਰਾਂ ਦੇ।

ਜ਼ਖ਼ਮੀ ਕਰ ਸੁਟ ਜਾਂਦੇ ਨੇ,
ਫੱਟ ਡਾਹਢੇ ਦਿਲਦਾਰਾਂ ਦੇ।

ਦਿਲ ਨੂੰ ਹੋਇਆ ਹੋਰ ਹੈ ਕੁਝ,
ਖੇਖਨ ਕਰੇ ਬੁਖ਼ਾਰਾਂ ਦੇ।

ਜਾਨ ਤਲੀ 'ਤੇ ਧਰ 'ਸੱਗੂ'
ਛਡ ਕੇ ਡਰ ਅੰਗਿਆਰਾਂ ਦੇ।

## ਪੀੜਾਂ ਦਾ

ਪੀੜਾਂ ਦਾ ਵਣਜਾਰਾ, ਫਿਰਦਾ ਗਲੀ ਗਲੀ।
ਢੂੰਡਣ ਅਪਣਾ ਪਿਆਰਾ, ਫਿਰਦਾ ਗਲੀ ਗਲੀ।

ਦਰ ਆਇਆ ਦਰਵੇਸ਼ ਕਦੇ ਵੀ ਮੋੜੋ ਨਾ,
ਲੈ ਕੇ ਦਰਦ ਵਿਚਾਰਾ, ਫਿਰਦਾ ਗਲੀ ਗਲੀ।

ਮਸਤ-ਮਲੰਗ ਜਗਾਵੇ ਅਣਖ ਮੁਹੱਬਤ ਦੀ,
ਲਗਦੈ ਪਿਆਰਾ ਪਿਆਰਾ, ਫਿਰਦਾ ਗਲੀ ਗਲੀ।

ਚੁੱਪ ਧਾਰੀ ਹੈ ਹੱਥਾਂ ਦੇ ਵਿਚ ਟੱਲੀਆਂ ਨੇ,
ਲੈ ਕੇ ਉਹ ਇਕਤਾਰਾ, ਫਿਰਦਾ ਗਲੀ ਗਲੀ।

ਗਰਮੀ ਸਰਦੀ ਸਿਰ 'ਤੇ ਝੱਲੇ ਨਿੱਤ 'ਸੱਗੂ',
ਗ਼ਜ਼ਲਾਂ ਦਾ ਵਣਜਾਰਾ ਫਿਰਦਾ ਗਲੀ ਗਲੀ।



## ਸਜਾਵਟ ਨੂੰ ਦੇਖੋ

ਹਰਿਕ ਸ਼ੈਅ ਚ ਹੁੰਦੀ ਮਿਲਾਵਟ ਨੂੰ ਦੇਖੋ।
ਇਨ੍ਹਾਂ ਦੀ ਨਜ਼ਾਕਤ, ਸਜਾਵਟ ਨੂੰ ਦੇਖੋ।

ਤਰੱਕੀ ਤਾਂ ਭਾਵੇਂ ਗਿਆ ਕਰ ਜ਼ਮਾਨਾ,
ਮਗਰ ਇਸ 'ਚ ਆਈ ਗਿਰਾਵਟ ਨੂੰ ਦੇਖੋ।

ਜੋ ਪੁੱਜੇ ਨੇ ਅਜ ਅਪਣੀ ਮੰਜ਼ਿਲ ਦੇ ਉੱਤੇ,
ਉਨ੍ਹਾਂ ਦੀ ਨਾ ਬਿਲਕੁਲ ਥਕਾਵਟ ਨੂੰ ਦੇਖੋ।

ਮੈਂ ਮੰਨਦਾ ਕਿ ਲੋਕਾਂ ਨੇ ਕੀਤੀ ਤਰੱਕੀ,
ਜੋ ਚਿਹਰੇ ਤੋਂ ਟਪਕੇ ਬਨਾਵਟ ਨੂੰ ਦੇਖੋ।

ਗ਼ਜ਼ਲ ਦੀ ਲੋਅ ਪਹੁੰਚੀ ਹੈ ਅਸਮਾਨ ਤੀਕਰ,
'ਭੁਪਿੰਦਰ' ਜੀ ਇਸ ਦੀ ਉਚਾਵਟ ਨੂੰ ਦੇਖੋ।

# ਮੁੜ ਮੁੜ ਕੇ

ਮੁੜ ਮੁੜ ਕੇ ਨਾ ਛੇੜ 'ਭੁਪਿੰਦਰ' ਬੀਤੀ ਦਰਦ ਕਹਾਣੀ ਨੂੰ।
ਕੁਝ ਨਾ ਮਿਲਣਾ ਤੈਨੂੰ ਮਿੱਤਰਾ ਜੇ ਰਿੜਕੇਂਗਾ ਪਾਣੀ ਨੂੰ।

ਉਹ ਹੰਝੂ ਸਨ ਏਦਾਂ ਵਗਦੇ ਤਨ ਮਨ ਮੇਰਾ ਸਾੜ ਗਏ,
ਉਮਰ ਵਿਹਾਈ ਕਰ ਨਾ ਸਕਿਆਂ ਠੀਕ ਮੈਂ ਉਲਝੀ ਤਾਣੀ ਨੂੰ।

ਜੀਵਨ ਦੇ ਔਖੇ ਸਮਿਆਂ ਨੂੰ ਕੀ ਲੈਣਾ ਕਰ ਯਾਦ ਅਸਾਂ,
ਮੰਦਾ ਹੁਣ ਕੁਝ ਕਹਿ ਹੋਣਾ ਨਾ ਚਿਰ ਤੋਂ ਵਿਛੜੇ ਹਾਣੀ ਨੂੰ।

ਮੈਂ ਚੁਹੰਨਾਂ ਕਿ ਸ਼ਾਂਤ ਰਹੇ ਹੁਣ ਹਲਚਲ ਤੇਰੇ ਦਿਲ ਅੰਦਰ,
ਪੈੜ ਗਵਾਚੀ ਨਾ ਮਿਲਣੀ ਹੁਣ ਤੇਰੀ ਰੇਤਾ ਛਾਣੀ ਨੂੰ।

ਚਾਰ ਦਿਨਾਂ ਦਾ ਮੇਲ ਏ 'ਸੱਗੂ' ਮਾਣ ਲੈ ਖ਼ੁਸ਼ੀਆਂ ਰਜ ਰਜ ਕੇ,
ਚੇਤੇ ਕਰ ਕਰ ਜੀਅ ਮਿਤਰਾ ਯਾਰਾਂ ਦੀ ਵਿਛੜੀ ਢਾਣੀ ਨੂੰ।



# ਬਾਗ਼ਾਂ ਦੇ

ਬਾਗਾਂ ਦੇ ਵਿਚ ਮੋਈਆਂ ਕਲੀਆਂ ਕਿਸ ਇਹ ਕਹਿਰ ਕਮਾਇਆ ਏ।
ਫੁੱਲਾਂ ਦੀ ਖ਼ੁਸ਼ਬੋਈ ਹੁੰਦੀ ਮਾਲੀ ਦਾ ਸਰਮਾਇਆ ਏ।

ਜ਼ਹਿਰੀਲੇ ਨੇ ਨਿਰਮਲ ਪਾਣੀ, ਪੌਣਾਂ ਵਿਚ ਪ੍ਰਦੂਸ਼ਣ ਹੈ,
ਆਓ ਰਲ ਕੇ ਢੂੰਡਣ ਜਾਈਏ ਕਿਸ ਇਹ ਜ਼ਹਿਰ ਰਲਾਇਆ ਏ।

ਸਰਘੀ ਦੀ ਲਾਲੀ ਨੂੰ ਪੁੱਛੋ ਕਿੰਝ ਉਹ ਮੱਥਾ ਚੁੰਮੇਗੀ,
ਅਜ ਬੰਬਾ ਦੀ ਧੂਣੀ ਨੇ ਇਹ ਸਾਰਾ ਜਗ ਧੁੰਦਲਾਇਆ ਏ।

ਨੈਣਾਂ ਦੇ ਵਿਚ ਸੁਪਨੇ ਜਿਹੜੇ ਬਾਲੜੀਆਂ ਨੇ ਸਿਰਜੇ ਸਨ,
ਹਰ ਇਕ ਸੁਪਨਾ ਜੁਗਨੂੰ ਵਾਂਗੂੰ ਉਡਦਾ ਨਜ਼ਰੀਂ ਆਇਆ ਏ।

ਸ਼ਾਲਾ! ਏਥੋਂ ਨਫਰਤ, ਸਾੜਾ, ਝਗੜੇ ਝੇੜੇ ਮੁਕ ਜਾਵਣ,
'ਸੱਗੂ' ਜਗ ਦੀ ਬੇਚੈਨੀ ਨੇ ਮੇਰਾ ਦਿਲ ਤੜਪਾਇਆ ਏ।

## ਓਧਰ ਮੰਦਰ

ਏਧਰ ਮਸਜਿਦ ਓਧਰ ਮੰਦਰ।
ਦਿਸਦੈ ਕੋਲ ਡਰਾਉਣਾ ਮੰਜ਼ਰ।

ਥਾਂ ਥਾਂ 'ਤੇ ਕਰਵਾ ਕੇ ਦੰਗੇ,
ਹੁਣ ਛੁਪਦੇ ਫਿਰਦੇ ਨੇ ਕੰਜਰ।

ਜਦ ਉਹ ਮਿਲਿਆ ਪਹਿਲੀ ਵਾਰੀ,
ਸਚਮੁਚ ਉਹ ਅਦਭੁਤ ਸੀ ਮੰਜ਼ਰ।

ਕੀ ਇਹ ਸਾਡੇ ਅੱਛੇ ਦਿਨ ਨੇ?
ਰੋਟੀ ਖੋਹ ਖੋਹ ਖਾਂਦੇ ਬਾਂਦਰ।

ਇਸ 'ਤੇ ਐਨਾ ਖ਼ੂਨ ਹੈ ਡੁਲ੍ਹਿਆ,
ਹੋ ਚੁੱਕੀ ਹੈ ਧਰਤੀ ਬੰਜਰ।

'ਸੱਗੂ' ਨਿੱਤ ਅੰਗਿਆਰਾਂ ਉੱਤੇ,
ਨੱਚਿਆ ਬਣਕੇ ਮਸਤ-ਕਲੰਦਰ।



## ਸ਼ਹਿਰ ਤਿਰੇ

ਸ਼ਹਿਰ ਤਿਰੇ ਵਿਚ ਅਰਥੀ ਉਠਦੀ ਬੇਦੋਸ਼ੇ ਇਨਸ਼ਾਨਾਂ ਦੀ।
ਰੂਹ ਮੇਰੀ ਕੁਰਲਾਵੇ ਤਕ ਤਕ ਅਜ ਹਾਲਤ ਸ਼ਮਸ਼ਾਨਾਂ ਦੀ।

ਨੌਂਰਤਨੀ ਨੂੰ ਪੀ ਕੇ ਰਬ ਕੀ ਭੁੱਲ ਜਾਂਦੇ ਉਹ ਆਪੇ ਨੂੰ,
ਦਿਨ ਵੇਲੇ ਭੁੱਲਾਂ ਬਖ਼ਸ਼ਾਉਂਦੇ ਕਰ ਪੂਜਾ ਭਗਵਾਨਾਂ ਦੀ।

ਪੈਰੀਂ ਝਾਂਜਰ ਬੰਨ੍ਹ ਕੇ ਨੱਚਣਾ ਨਾਚੀ ਦੀ ਮਜਬੂਰੀ ਹੈ,
ਨਿੱਤ ਮੁਜਰੇ ਦੀ ਚੁਸਕੀ ਲੈਂਦੀ ਢਾਣੀ ਹੈ ਧਨਵਾਨਾਂ ਦੀ।

ਅਪਣੇ ਬਲ-ਬਾਹੂ ਦੇ ਉੱਤੇ ਉਸ ਨੇ ਕਿਸ਼ਤੀ ਠੇਲੀ ਹੈ,
ਪਰਵਾਹ ਉਸ ਨਾ ਬਿਲਕੁਲ ਕੀਤੀ ਬਿਫ਼ਰੇ ਹੋਏ ਤੂਫ਼ਾਨਾਂ ਦੀ।

ਮਾਨਵ ਨੂੰ ਜੋ ਪੂਜਣ 'ਸੱਗੂ' ਉਹ ਨਾ ਪੂਜਣ ਬੁੱਤਾਂ ਨੂੰ,
ਇਹ ਤਾਂ ਸਾਰੀ ਖੇਡ ਹੈ ਯਾਰੋ, ਬੇ-ਅਕਲੇ ਇਨਸਾਨਾਂ ਦੀ।

## ਮਨ ਦੀ

ਮਨ ਦੀ ਮਮਟੀ ਉੱਤੇ ਦੀਵਾ ਬਾਲ ਜ਼ਰਾ।
ਲੋਕਾਂ ਦਾ ਤੂੰ ਬਹਿ ਕੇ ਤਕ ਲੈ ਹਾਲ ਜ਼ਰਾ।

ਅਣਲਿਖਿਆ ਇਹ ਵਰਕਾ ਮੋਨ-ਸਮਾਧੀ ਹੈ,
ਅਪਣੇ ਆਪ ਨੂੰ ਵਿੱਚ ਗ਼ਜ਼ਲ ਦੇ ਢਾਲ ਜ਼ਰਾ।

ਮਿੱਟੀ ਘੱਟਾ ਕਢ ਕੇ ਅਪਣੇ ਦਿਲ ਵਿੱਚੋਂ,
ਅਪਣੇ ਅੰਦਰ ਦੀਪ-ਮੁਹੱਬਤ ਬਾਲ ਜ਼ਰਾ।

ਰਬ ਤਾਂ ਤੇਰੇ ਅੰਦਰ ਹੈ ਤੂੰ ਲੱਭ ਉਸ ਨੂੰ,
ਅਪਣੇ ਅੰਦਰ 'ਚੋਂ ਕਰ ਉਸ ਦੀ ਭਾਲ ਜ਼ਰਾ।

ਸੱਚ ਸੁੱਚੇ ਲੋਕ ਨੇ ਮੰਜ਼ਿਲ ਸਰ ਕਰਦੇ,
ਰੱਖ 'ਭੁਪਿੰਦਰ' ਤੂੰ ਫ਼ੁਰਤੀਲੀ ਚਾਲ ਜ਼ਰਾ।



## ਦਰਦ

ਦਰਦ, ਮੇਰਾ ਇਸ਼ਕ, ਮੇਰੀ ਜਾਨ ਵੀ ਹੈ।
ਜ਼ਿੰਦਗੀ ਦੀ ਵੱਖਰੀ ਪਹਿਚਾਨ ਵੀ ਹੈ।

ਗ਼ਮ ਤਿਰਾ ਢਾਰਸ ਵੀ ਦਿੰਦਾ ਹੈ ਡਿਗੇ ਨੂੰ,
ਦੁੱਖ ਦਾ ਦਾਰੂ ਮਿਰਾ ਲੁਕਮਾਨ ਵੀ ਹੈ।

ਨਬਜ਼ ਦੇਖੋ ਤਾਂ ਦਿਸੇਗੀ ਸ਼ਾਂਤ ਮੇਰੀ,
ਪਰ ਮੇਰੇ ਅੰਦਰ ਕੋਈ ਤੂਫ਼ਾਨ ਵੀ ਹੈ।

ਏਸ ਹਾਲਤ ਵਿਚ ਮਿਰਾ ਮੁਸ਼ਕਿਲ ਹੈ ਜੀਣਾ,
ਕਿਸ ਤਰ੍ਹਾਂ ਜਿਉਂਦਾ ਹਾਂ ਦਿਲ ਹੈਰਾਨ ਵੀ ਹੈ।

ਹੋਰ ਆਫ਼ਤ ਆਵੇ ਮੇਰਾ ਸ਼ੌਂਕ ਵੀ ਏ,
ਜੂਝਣੇ ਦਾ ਦਿਲ ਦੇ ਵਿਚ ਅਰਮਾਨ ਵੀ ਹੈ।

ਦਰਦ ਨੂੰ ਵਿਸਮਾਦ ਵਾਂਗੂੰ ਜੀਅ 'ਭੁਪਿੰਦਰ'
ਦਰਦ ਬੰਦੇ ਵਾਸਤੇ ਵਰਦਾਨ ਵੀ ਹੈ।

ਮੁਸਕੁਰਾਹਟ ਰੱਖੀ 'ਸੱਗੂ' ਸਾਂਭ ਕੇ ਤੂੰ,
ਉਂਝ ਤੇਰੀ ਜ਼ਿੰਦਗੀ ਵੀਰਾਨ ਵੀ ਹੈ।

## ਰਹਿੰਦੇ ਨੇ

ਰਹਿੰਦੇ ਨੇ ਮੀਤ ਸਾਡੇ ਹਰ ਦਿਨ ਗ਼ਰੂਰ ਅੰਦਰ।
ਲਗਦਾ ਹੈ ਮੈਨੂੰ ਰੱਖਦੇ, ਕੁਝ ਕੁਝ ਜ਼ਰੂਰ ਅੰਦਰ।

ਤੁਰਦਾ ਤੇ ਫਿਰਦਾ ਜਾਪੇ ਮੈਨੂੰ ਸ਼ਰਾਬਖ਼ਾਨਾ,
ਨੇ ਯਾਰ ਦੇ ਦੋ ਨੈਣਾਂ ਰਹਿੰਦੇ ਸਰੂਰ ਅੰਦਰ।

ਸੂਲੀ 'ਤੇ ਟੰਗ ਨਾ ਮੈਨੂੰ ਐ ਯਾਰ ਜੀਣ ਦੇ ਹੁਣ,
ਚੰਗਾ ਨਹੀਂ ਹੈ ਰੱਖਣਾ ਦਿਲ ਦਾ ਫ਼ਤੂਰ ਅੰਦਰ।

ਉਸ ਬਿਨ ਮੈਂ ਜੀਅ ਸਕਾਂ ਨਾ ਸੰਦੇਸ਼ ਦੇਵੋ ਉਸ ਨੂੰ,
ਰਿਸਦੇ ਪਏ ਨੇ ਹਰ ਪਲ ਮੇਰੇ ਨਸੂਰ ਅੰਦਰ।

ਕੋਲੋ ਦੀ ਮੁਸਕੁਰਾ ਕੇ ਲੰਘਦੀ ਪਈ ਹੈ ਦੁਨੀਆਂ,
ਮੈਂ ਬਾਹਰ ਤਿਲਮਿਲਾਵਾਂ ਹੱਸਣ ਹਜ਼ੂਰ ਅੰਦਰ।



## ਇਉਂ ਨਾ

ਇਉਂ ਨਾ ਯਾਰਾ ਲੜਿਆ ਕਰ।
ਹਰ ਵੇਲੇ ਨਾ ਸੜਿਆ ਕਰ।

ਕਿਉਂ ਢੇਰੀ ਢਾਹ ਬਹਿੰਦਾ ਏਂ,
ਮਰਦਾਂ ਵਾਂਗੂੰ ਖੜ੍ਹਿਆ ਕਰ।

ਥੋਥੀ ਸੋਚ ਤੂੰ ਰੱਖ ਪਰ੍ਹੇ,
ਗ਼ਜ਼ਲਾਂ ਵਿਚ ਨਾ ਮੜ੍ਹਿਆ ਕਰ।

ਲੋਕੀ ਲਾਉਂਦੇ ਤੀਲੀ ਨੇ,
ਅਫ਼ਵਾਹਾਂ ਨਾ ਫੜਿਆ ਕਰ।

ਪੂਜਾ ਕਰ ਇਨਸਾਨਾਂ ਦੀ
ਬੁਤ ਘਰ ਵਿਚ ਨਾ ਵੜਿਆ ਕਰ।

ਲਿਖਿਆ ਕਰ ਤੂੰ ਸ਼ਿਅਰ ਨਵੇਂ,
ਕਲਮਾਂ ਨਵੀਆਂ ਘੜਿਆ ਕਰ।

'ਸੱਗੂ' ਪੰਛੀ ਉੱਡਣੇ ਦੇ,
ਨਾ ਪਿੰਜਰੇ ਵਿਚ ਤੜਿਆ ਕਰ।

## ਦੇਖੋ

ਥੋੜ੍ਹੀ ਜਿਹੀ ਸਫ਼ਾਈ ਦਿਸਦੀ।
ਲੋਕਾਂ ਨੂੰ ਮਤ ਆਈ ਦਿਸਦੀ।

ਮੇਰੀ ਤੌਬਾ! ਭੰਗ ਦੇ ਭਾੜੇ,
ਅਪਣੀ ਅਉਧ ਗਵਾਈ ਦਿਸਦੀ।

ਚੱਪੇ-ਚੱਪੇ ਸਾਧਾਂ ਦੇਖੋ,
ਧੂਣੀ ਫੇਰ ਰੁਮਾਈ ਦਿਸਦੀ।

ਕਿਸ-ਕਿਸ ਬਾਰੇ ਤੈਨੂੰ ਦੱਸਾਂ,
ਲੀਰੋ ਲੀਰ ਲੁਕਾਈ ਦਿਸਦੀ।

ਕਤਲ ਕੋਈ ਫਿਰ ਹੋਇਆ ਲਗਦੈ,
ਪੈਂਦੀ ਹਾਲ ਦੁਹਾਈ ਦਿਸਦੀ।

ਉੱਪਰ ਹੋਣੈਂ ਲੇਖਾ ਜੋਖਾ,
ਇਸ ਵਿਚ ਨਹੀਂ ਸਚਾਈ ਦਿਸਦੀ।

'ਸੱਗੂ' ਹਰ ਪਾਸੇ ਹਨ ਗ਼ਜ਼ਲਾਂ,
ਸ਼ੋਖ਼ ਗ਼ਜ਼ਲ ਨਾ ਆਈ ਦਿਸਦੀ।



## ਜ਼ਿੰਦਗੀ

ਜ਼ਿੰਦਗੀ ਦਾ ਪੰਧ ਲੰਬਾ ਇਹ ਕਦੇ ਮੁਕਣਾ ਨਹੀਂ।
ਕੋਸ਼ਿਸ਼ਾਂ ਕਰ ਲੱਖ ਬੰਦੇ ਇਹ ਕਦੇ ਰੁਕਣਾ ਨਹੀਂ।

ਖ਼ੂਨ ਡੁੱਲ੍ਹਾ ਧਰਤ 'ਤੇ ਜੋ ਹੈ ਸ਼ਹੀਦਾਂ ਦੀ ਵਫ਼ਾ,
ਏਸ ਨੇ ਇਸ ਧਰਤ ਤੋਂ ਯਾਰੋ ਕਦੇ ਸੁਕਣਾ ਨਹੀਂ।

ਗ਼ੈਰ ਵਾਂਗਰ ਹੀ ਸਦਾ ਉਹ ਝਾਕਦੈ ਮੇਰੀ ਤਰਫ਼,
ਲੋਕਤਾ ਦਾ ਘਾਣ ਕਰਨੋਂ ਉਸ ਕਦੇ ਉਕਣਾ ਨਹੀਂ।

ਲੱਠ ਲੋਹੇ ਦੀ ਬਣਾਂ ਦੁਸ਼ਮਣ ਲਈ ਹਰ ਵਾਰ ਮੈਂ,
ਕਟ ਤਾਂ ਸਕਦਾ ਹੈ ਮਗਰ ਇਹ ਸਿਰ ਕਦੇ ਝੁਕਣਾ ਨਹੀਂ।

ਲਕਸ਼ ਮੰਜ਼ਿਲ ਦਾ ਲਮੇਰਾ ਰਾਹ ਵੀ ਦੁਸ਼ਵਾਰ ਨੇ,
ਪਰ 'ਭੁਪਿੰਦਰ' ਤੂੰ ਕਦੇ ਰਾਹਾਂ ਦੇ ਵਿਚ ਰੁਕਣਾ ਨਹੀਂ।

## ਰੰਗ

ਰੰਗੇ ਬਦਲਦੇ ਦੇਖੇ ਮੈਂ ਗੁਲਜ਼ਾਰਾਂ ਦੇ।
ਵਿੱਚ ਬਹਾਰਾਂ ਝੜਦੇ ਫੁੱਲ ਅਨਾਰਾਂ ਦੇ।

ਕਿਹੜਾ ਖ਼ੂਨੀ ਖ਼ੂਨ ਦੀ ਹੋਲੀ ਖੇਡ ਰਿਹਾ,
ਖ਼ੂਨ 'ਚ ਭਿੱਜੇ ਮੂੰਹ ਰਹਿੰਦੇ ਤਲਵਾਰਾਂ ਦੇ।

ਉਸ ਦੋਸ਼ੀ ਨੂੰ ਆਪਾਂ ਸਬਕ ਸਿਖਾਉਣਾ ਹੈ,
ਗਾਟੇ ਜਿਸ ਨੇ ਲਾਹੇ ਹਨ ਪਰਿਵਾਰਾਂ ਦੇ।

ਬਹੁਤ ਚਿਰਾਂ ਤੋਂ ਪੀੜਾ ਦਿਲ ਵਿਚ ਸਾਂਭੀ ਹੈ,
ਤੂੰ ਜੋ ਦਿੱਤੀ ਯਾਰਾਂ ਨਾਲ ਕਰਾਰਾਂ ਦੇ।

ਹਰਫ਼ਾਂ ਵਿਚਲੀ ਮਹਿਕ ਵੀ ਇਕ ਦਿਨ ਖੌਲੇਗੀ,
ਕਿੱਸੇ ਲਿਖ ਛਪਵਾਏ ਜਦ ਸਰਕਾਰਾਂ ਦੇ।

ਚਿਰ ਪਿੱਛੋਂ 'ਸੱਗੂ' ਉਹਨਾਂ ਨੂੰ ਤਕਿਆ ਸੀ,
ਬਦਲੇ ਬਦਲੇ ਤੇਵਰ ਸਨ ਦਿਲਦਾਰਾਂ ਦੇ।



## ਝੂਠੇ

ਝੂਠੇ ਤੇਰੇ ਲਾਰੇ ਸਜਣਾ ਝੂਠਾ ਹੈ ਇਕਰਾਰ ਤਿਰਾ।
ਝੂੱਠੀ ਤੇਰੀ ਪ੍ਰੀਤ ਮੈਂ ਦੇਖੀ, ਝੂਠਾ ਹੈ ਇਤਬਾਰ ਤਿਰਾ।

ਕਰਕੇ ਵਾਅਦਾ ਮੁੱਕਰ ਜਾਣਾ ਮਰਦਾਂ ਦਾ ਦਸਤੂਰ ਨਹੀਂ,
ਸ਼ੀਸ਼ੇ ਵਾਂਗਰ ਦਿਲ ਤੂੰ ਤੋੜੇਂ ਭਾਵੇ ਨਾ ਕਿਰਦਾਰ ਤਿਰਾ।

ਸੀਨਾ ਜ਼ੋਰੀ ਹਰਦਮ ਤੇਰੀ ਫੇਰ ਅਸੀਂ ਵੀ ਜਰ ਲੈਂਦੇ,
ਸਾਡੀ ਇਹ ਮਜਬੂਰੀ ਹੈ ਨਾ ਭੁੱਲ ਸਕਦੇ ਹਾਂ ਪਿਆਰ ਤਿਰਾ।

ਰਾਤਾਂ ਨੂੰ ਹਟਕੋਰੇ ਲੈ ਲੈ, ਦਿਲ ਦੇ ਬੂਹੇ ਢੋਅ ਲਈਏ,
ਨਾ ਕੋਈ ਸੁੱਖ ਸੁਨੇਹਾ ਆਇਆ, ਨਾ ਹੀ ਥਹੁ ਨਾ ਸਾਰ ਤਿਰਾ।

ਇਹ ਜੋ 'ਸੱਗੂ' ਦੇ ਗਿਆ ਗਾਨੀ ਵਿਛੜਨ ਵੇਲੇ ਯਾਦ ਕਰਾਂ,
ਮੇਰੇ ਗਲ ਦੀ ਫ਼ਾਹੀ ਬਣਿਆ ਮੋਤੀ ਜੜਿਆ ਹਾਰ ਤਿਰਾ।

## ਪਤਝੜਿਆ

ਪਤਝੜਿਆ ਹੁਣ ਮੌਸਮ ਹੈ ਤੇ ਪੱਤਰ ਝੜ ਗਏ ਰੁੱਖਾਂ ਦੇ।
ਢਲਿਆ ਜੋਬਨ ਗਈ ਜਵਾਨੀ ਕੱਟੀਏ ਦਿਨ ਹੁਣ ਦੁੱਖਾਂ ਦੇ।

ਰਾਮ, ਮੁਹੰਮਦ, ਈਸਾ, ਨਾਨਕ, ਸਭਨਾਂ ਦੀ ਇਹ ਜਨਣੀ ਹੈ,
ਧੀਆਂ ਲੋਕੀਂ ਮਾਰ ਮੁਕਾ ਕੇ, ਕਾਤਿਲ ਬਣਦੇ ਕੁੱਖਾਂ ਦੇ।

ਮੈਨੂੰ ਤਾਂ ਹਰ ਬੰਦਾ ਹੀ ਖ਼ੂੰ-ਖ਼ਾਰ ਜਿਹਾ ਕੁੱਝ ਲਗਦਾ ਹੈ,
ਇਕ ਦੂਜੇ ਨੂੰ ਲੁੱਟੀ ਜਾਵਣ ਕੀ ਕਿਰਦਾਰ ਮਨੁੱਖਾਂ ਦੇ।

'ਅੱਛੇ ਦਿਨ' ਦਾ ਲਾਰਾ ਲਾ ਕੇ, ਜ਼ਹਿਰ ਪਿਲਾਈ ਜਾਂਦੇ ਹਨ,
ਰਾਜ-ਭਵਨ ਵਿਚ ਬੈਠੇ ਲੀਡਰ ਮਾਨਣ ਬੁੱਲੇ ਸੁੱਖਾਂ ਦੇ।

ਜੱਦੋ-ਜਹਿਦਾਂ ਦਾ ਇਹ ਜੰਗਲ, ਮੁਕਦਾ ਨਜ਼ਰੀਂ ਆਵੇ ਨਾ,
ਗੋਡੇ ਗੋਡੇ ਗ਼ੁਰਬਤ 'ਸੱਗੂ' ਹਾਲ ਬੁਰੇ ਨੇ ਮੁੱਖਾਂ ਦੇ।



## ਏਸ ਪਹਾੜੀ

ਏਸ ਪਹਾੜੀ ਸ਼ਹਿਰ ਦੇ ਅੰਦਰ ਅਪਣਾ ਆਪ ਲੁਟਾ ਬੈਠੇ।
ਏਥੇ ਕੁਝ ਨਾ ਖੱਟ ਹੋਇਆ ਅਪਣੀ ਪਹਿਚਾਣ ਗੁਆ ਬੈਠੇ।

ਰੋਜ਼ ਬੁਲਾਇਆ ਉਸ ਸੱਜਣ ਨੇ ਮੇਲ ਨਾ ਹੋਇਆ ਰੂਹਾਂ ਦਾ,
ਪਿੱਛੇ ਉਸ ਦੇ ਲਗ ਕੇ ਆਪਾਂ ਅਪਣੀਂ ਹੋਂਦ ਮਿਟਾ ਬੈਠੇ।

ਉਹ ਸੱਜਣ ਕੋਈ ਗ਼ੈਰ ਨਹੀਂ ਉਹ ਅਪਣਾ ਹੀ ਹਮਸਾਇਆ ਹੈ,
ਉਸ ਦਾ ਘਰ ਆਬਾਦ ਕਰਨ ਨੂੰ ਅਪਣਾ ਘਰ ਤੁੜਵਾ ਬੈਠੇ।

ਵੇਖਣ ਨੂੰ ਉਹ ਮੀਤ ਪਿਆਰਾ ਨੈਣ ਮਿਰੇ ਤਿਹਾਏ ਨੇ,
ਵਾਅਦਾ ਕਰਕੇ ਨਾ ਆਇਆ ਉਹ ਆਪਾਂ ਹੋਸ਼ ਗੁਆ ਬੈਠੇ।

ਖ਼ੌਰੇ ਕੀ ਹੋਣਾ ਨਾ ਹੋਣਾ ਸੁੱਖ ਸੁਨੇਹਾ ਆਇਆ ਨਾ,
ਖ਼ੈਰ ਉਨ੍ਹਾਂ ਦੀ ਮੰਗੇ 'ਸੱਗੂ' ਜਿਹੜੇ ਯਾਰ ਭੁਲਾ ਬੈਠੇ।

## ਆਪਣੇ

ਆਪਣੇ ਹੀ ਆਪ ਤੋਂ ਹੈ ਦੂਰ ਹੁੰਦਾ ਜਾ ਰਿਹਾ।
ਅੱਜ ਦਾ ਇਨਸਾਨ ਹੈ ਇਨਸਾਨ ਨੂੰ ਹੀ ਖਾ ਰਿਹਾ।

ਮੋਹ ਮੁਹੱਬਤ ਹੋ ਗਏ ਮਨਫ਼ੀ ਇਹਦੇ ਕਿਰਦਾਰ 'ਚੋਂ,
ਸਿੱਕਿਆਂ ਦੇ ਢੇਰ ਦੇ ਇਹ ਢੇਰ ਲਾਉਂਦਾ ਜਾ ਰਿਹਾ।

ਬਣ ਗਿਆ ਲਗਦੈ ਬੜਾ ਸ਼ੈਤਾਨ ਅਜ ਦਾ ਆਦਮੀ,
ਛੋਟੀਆਂ ਮਾਸੂਮ ਕਲੀਆਂ ਵੀ ਮਸਲਦਾ ਜਾ ਰਿਹਾ।

ਭੁੱਲ ਬੈਠਾ ਇਹ ਪ੍ਰਾਣੀ ਏਸ ਦੀ ਮੰਜ਼ਿਲ ਹੈ ਕੀ,
ਆਪਣਾ ਸਭ ਕੁਝ ਗੁਆ ਕੇ ਵੀ ਨਹੀਂ ਪਛਤਾ ਰਿਹਾ।

ਪਹਿਨ ਕੇ ਕਿੰਨੇ ਮੁਖੌਟੇ ਲੁੱਟ ਰਿਹਾ ਸ਼ੈਤਾਨ ਅੱਜ,
ਲੋਕਤਾ ਦੇ ਪਰ ਤਰਾਨੇ 'ਸੱਗੂ' ਫਿਰ ਵੀ ਗਾ ਰਿਹਾ।



## ਕੁਰਸੀ

ਕੁਰਸੀ ਉੱਤੇ ਬੈਠਾ ਹਾਕਿਮ 'ਨ੍ਹੇਰ ਮਚਾਈ ਜਾਂਦੈ।
ਫੜ ਫੜ ਕੇ ਬੇਦੋਸ਼ਾਂ ਤਾਈਂ ਫਾਹੇ ਲਾਈ ਜਾਂਦੈ।

ਇਸ ਦੇ ਪੋਚੇ ਚਿਹਰੇ ਥੱਲੇ ਰਾਜ ਛੁਪੇ ਨੇ ਲੱਖਾਂ,
ਉੱਤੋਂ ਭੋਲਾ, ਦਿਲ ਦਾ ਕਾਲਾ, ਸਭ ਕੁਝ ਖਾਈ ਜਾਂਦੈ।

ਲਗਰਾਂ ਨਾਲੋਂ ਤੋੜ ਉਨ੍ਹਾਂ ਨੂੰ ਪੈਰਾਂ ਹੇਠ ਮਧੋਲੇ,
ਕੋਹ ਕੇ ਫੁੱਲਾਂ ਨੂੰ ਗੁਲਸ਼ਨ ਦੀ ਹੋਂਦ ਮਿਟਾਈ ਜਾਂਦੈ।

ਯਾਰ ਮਿਰੇ ਦੀ ਹਉਮੈਂ ਅੰਦਰ ਘੋਰ ਹਨ੍ਹੇਰੀ ਝੁੱਲੇ,
ਲਾਲਚ ਦਾ ਇਕ ਝੱਖੜ ਸਾਰੇ ਦੀਪ ਬੁਝਾਈ ਜਾਂਦੈ।

ਰੰਗ, ਨਸਲ ਦੀ ਕੰਧ ਬਣਾ ਕੇ ਹਾਕਿਮ ਲੀਕਾਂ ਪਾਵੇ,
ਚਹੁੰ ਵਰਣਾਂ ਵਿਚ ਖ਼ਲਕਤ ਵੰਡ ਕੇ ਵਿੱਥਾਂ ਪਾਈ ਜਾਂਦੈ।

ਆਥਣ ਵੇਲੇ ਚੀਕ ਸੁਣੇਂਦੀ ਅੰਮ੍ਰਿਤ ਵੇਲੇ ਲੇਰਾਂ,
ਕਿਹੜਾ ਸੜਕਾਂ ਉੱਤੇ ਕਤਲੇਆਮ ਕਰਾਈ ਜਾਂਦੈ।

ਪਾਗਲ ਹੋਇਆ ਲਗਦਾ ਹੈ ਉਹ ਜਾਂ ਹੋ ਗਿਆ ਖਰੂਦੀ,
ਮਿਹਨਤ ਨਾਲ ਉਸਾਰੇ ਘਰ ਨੂੰ 'ਸੱਗੂ' ਢਾਈ ਜਾਂਦੈ।

## ਸਾਡਾ ਰਹਿਬਰ

ਸਾਡਾ ਰਹਿਬਰ ਓਹੋ ਜਿਹੜਾ ਗੱਲ ਕਰੇ ਸਚਿਆਰੇ ਦੀ।
ਥਾਂ ਥਾਂ ਵਿਛੀਆਂ ਲਾਸ਼ਾਂ ਦੀ ਤੇ ਲੋਕਾਂ ਦੇ ਹਤਿਆਰੇ ਦੀ।

ਸੱਥਾਂ ਦੇ ਵਿਚ ਬੈਠੇ ਲੋਕੀ ਕਿਸ ਦਾ ਸ਼ੋਕ ਮਨਾਉਂਦੇ ਨੇ,
ਹਾਲਤ ਮੈਥੋਂ ਵੇਖ ਨਾ ਹੋਵੇ ਬੁੱਢੇ ਬਾਪ ਵਿਚਾਰੇ ਦੀ।

ਹਰ ਇਕ ਸ਼ੈਅ ਦੇ ਵਿੱਚ ਮਿਲਾਵਟ ਕੂੜ ਦਾ ਹਰ ਥਾਂ ਡੇਰਾ ਹੈ,
ਅਮਲਾਂ 'ਤੇ ਕੋਈ ਅਮਲ ਨਾ ਕਰਦਾ ਗੱਲ ਕਰਦੇ ਸਭ ਲਾਰੇ ਦੀ।

ਚਾਰ ਚੁਫ਼ੇਰੇ ਜੰਗ ਦੇ ਭਾਂਬੜ ਸਭ ਕੁਝ ਫੂਕੀ ਜਾਂਦੇ ਨੇ,
ਫੋਕੇ ਭਾਸ਼ਨ ਦੇਂਦੇ ਲੀਡਰ ਗੱਲ ਨਾ ਕਰਦੇ ਕਾਰੇ ਦੀ।

ਮਾਨਵਤਾ ਦਾ ਦਰਦ ਵੰਡਾਉਂਦਾ ਸੂਲੀ ਉੱਤੇ ਚੜ੍ਹਨਾ ਹੈ,
ਤਾਂ ਹੀਂ 'ਸੱਗੂ' ਗੱਲ ਕਰਦਾ ਹੈ ਮਹਿਕਾਂ ਦੇ ਵਣਜਾਰੇ ਦੀ।



## ਨਾਲ ਮਿਰੇ

ਨਾਲ ਮਿਰੇ ਤੂੰ ਭੁਲ ਕੇ ਆਢਾ ਐ ਹਾਕਿਮ ਨਾ ਲਾਈਂ।
ਭੁੱਲ ਭੁਲੇਖੇ ਆਨੇ ਕੱਢ ਕੇ ਐਵੇਂ ਨਾ ਦਿਖਲਾਈਂ।

ਜਾਨ ਮੇਰੀ ਜੇ ਚਾਹੀਦੀ ਹੈ ਹਾਜ਼ਰ ਹਾਂ ਹਰ ਵੇਲੇ,
ਤੇਰੀ ਖ਼ਾਤਿਰ ਸੂਲੀ 'ਤੇ ਚੜ੍ਹ ਜਾਵਾਂ ਚਾਈਂ ਚਾਈਂ।

ਕਰਕੇ ਕੌਲ ਮੁਹੱਬਤ ਵਾਲੇ, ਮੈਂ ਨਾ ਮੁੜਦਾ ਪਿੱਛੇ,
ਤੂੰ ਮੇਰਾ ਇਕ ਵਾਰ ਸੁਨੇਹਾ ਉਹਦੇ ਤਕ ਪਹੁੰਚਾਈ।

ਨਾਲ ਹਵਾ ਦੇ ਖੜਕੇ ਦਰ ਜਦ ਮੈਨੂੰ ਪੈਣ ਭੁਲੇਖੇ,
ਦਿਲ ਦੇ ਦਰ 'ਤੇ ਦਸਤਕ ਹੋਵੇ, ਆਣ ਮਿਲੇਗਾ ਸਾਈਂ।

ਸਹਿਮੇ ਸਹਿਮੇ ਰਹਿੰਦੇ ਨੇ ਕਿਉਂ ਲੋਕੀਂ ਸ਼ਹਿਰ ਮੇਰੇ ਦੇ,
ਉਹਨਾਂ ਨੂੰ ਮੁਸਕਾਨਾਂ ਵੰਡੀਂ ਮਨ ਦਾ ਖ਼ੌਫ਼ ਮਿਟਾਈਂ।

ਹੱਥਾਂ ਦੇ ਵਿਚ ਚੁਕ ਚੁਕ ਪੱਥਰ ਲੋਕ ਮਿਰੇ ਵਲ ਧਾਂਦੇ,
ਐਪਰ 'ਸੱਗੂ' ਲੈ ਕੇ ਫੁੱਲ ਤੂੰ ਉਹਨਾਂ ਦੇ ਵਲ ਜਾਈਂ।

ਪੰਧ ਲਮੇਰਾ ਜੀਵਨ ਵਾਲਾ ਮੁਸ਼ਕਿਲ ਹੈ ਸਰ ਕਰਨਾ,
ਤੂੰ ਨਾ ਯਾਰ 'ਭੂਪਿੰਦਰ' ਡੋਲੀਂ ਨਾ ਐਵੇਂ ਘਬਰਾਈ।

## ਤਮ੍ਹਾ

ਤਮ੍ਹਾ ਯਾਰੀ 'ਚ ਅਕਸਰ ਦੋਸਤੋ ਇਕ ਭਾਰ ਹੁੰਦੀ ਹੈ।
ਮਗਰ ਇਹ ਦੋਸਤੀ ਤਾਂ ਪ੍ਰੇਮ ਦਾ ਇਜ਼ਹਾਰ ਹੁੰਦੀ ਹੈ।

ਕਰੋਗੇ ਜੇ ਤੁਸੀਂ ਸ਼ੁੱਭ ਕੰਮ ਤਾਂ ਕਿਸਮਤ ਸਾਥ ਦੇਵੇਗੀ,
ਨਹੀਂ ਤਾਂ ਦੋਸਤੋ ਇਹ ਜ਼ਿੰਦਗੀ ਬੇਕਾਰ ਹੁੰਦੀ ਹੈ।

ਜੇ ਤੁਰਦਾ ਆਫ਼ਰੇ ਸਾਗਰ 'ਤੇ ਉਹ ਲੜਦਾ ਤੂਫ਼ਾਨਾਂ ਸੰਗ,
ਅਜੇਹੇ ਸ਼ਖ਼ਸ ਦੀ ਆਖ਼ਿਰ ਨੂੰ ਬੇੜੀ ਪਾਰ ਹੁੰਦੀ ਹੈ।

ਨਾ ਲਾਉਣਾ ਕਾਇਰਾਂ ਸੰਗ ਯਾਰੀਆਂ ਅਪਣੀ ਹਯਾਤੀ ਵਿੱਚ,
ਇਨ੍ਹਾਂ ਦੀ ਦੋਸਤੀ ਤੇ ਦੁਸ਼ਮਣੀ ਬੇਕਾਰ ਹੁੰਦੀ ਹੈ।

ਕੋਈ ਇਤਫ਼ਾਕ ਹੁੰਦਾ ਕਿਸੇ ਅਪਣੇ ਦਾ ਮਿਲ ਜਾਣਾ,
ਮੁਹੱਬਤ ਆਰ ਹੁੰਦੀ ਹੈ ਤੇ ਨਾ ਇਹ ਪਾਰ ਹੁੰਦੀ ਹੈ।

ਜਦੋਂ ਹੱਕ ਲੈਣ ਦੀ 'ਸੱਗੂ' ਕਿਤੇ ਗੱਲ ਬਾਤ ਹੁੰਦੀ ਏ,
ਕਲਮ ਮੇਰੀ ਉਦੋਂ ਚੱਲੇ, ਜਿਵੇਂ ਤਲਵਾਰ ਹੁੰਦੀ ਹੈ।



## ਕਦੀ ਕਦੀ

ਕਦੀ ਕਦੀ ਆ ਜਾਇਆ ਕਰ ਤੂੰ।
ਐਵੇਂ ਨਾ ਤੜਪਾਇਆ ਕਰ ਤੂੰ।

ਹੋਰਾਂ ਦੀ ਜੋ ਪੀੜ ਹੈ ਜਰਦਾ,
ਉਸ ਦੀ ਗੱਲ ਸੁਣਾਇਆ ਕਰ ਤੂੰ।

ਇਹ ਮੌਸਮ ਤਲਵਾਰਾਂ ਦਾ ਏ,
ਅਪਣਾ ਆਪ ਬਚਾਇਆ ਕਰ ਤੂੰ।

ਮੋਮਿਨ ਤਾਂ ਹੈ ਝੂਠਾ ਮਿੱਤਰਾ,
ਗੱਲਾਂ ਵਿਚ ਨਾ ਆਇਆ ਕਰ ਤੂੰ।

ਪੱਥਰ ਪੂਜਣ ਯੋਗ ਨਾ ਹੁੰਦੇ,
ਥਾਂ ਥਾਂ ਨਾ ਝੁਕ ਜਾਇਆ ਕਰ ਤੂੰ।

ਯਾਰ ਦੀ ਨਗਰੀ ਜਾਣਾ ਹੈ ਤਾਂ,
ਸੀਸ ਤਲੀ ਧਰ ਜਾਇਆ ਕਰ ਤੂੰ।

ਸੂਲੀ ਚਾਈ ਮੋਢੇ 'ਤੇ ਜੇ,
'ਸੱਗੂ' ਸਿਦਕ ਨਿਭਾਇਆ ਕਰ ਤੂੰ।

## ਕਿੰਜ ਨੀਂਦ

ਕਿੰਜ ਨੀਂਦ ਅਥਰੀ ਆਵੇ ਅਸਾਂ ਗ਼ਮ ਦੇ ਮਾਰਿਆਂ ਨੂੰ।
ਜਦ ਯਾਦ ਤੇਰੀ ਦੇਵੇ ਅੱਜ ਸ਼ਹਿ ਹੁਲਾਰਿਆਂ ਨੂੰ।

ਕੋਈ ਦਿਸ਼ਾ ਨਾ ਜਾਣੇ, ਜਾਣਾ ਕਿਧਰ ਇਸ ਵੇਲੇ,
ਭੁੱਲੇ ਪਏ ਨੇ ਰਸਤੇ ਲਗਦਾ ਹੈ ਸਾਰਿਆਂ ਨੂੰ।

ਮੁੜ ਕੇ ਜੁੜੀ ਨਾ ਮਹਿਫ਼ਿਲ ਫਿਰ ਓਸ ਥਾਂ ਕਦੇ ਵੀ,
ਦਿਲ ਯਾਦ ਕਰਦੈ ਅਜ ਵੀ ਪਹਿਲੇ ਨਜ਼ਾਰਿਆਂ ਨੂੰ।

ਦਿਲ ਦਾ ਮਿਲਾਪ ਲੋਚਾਂ ਖੁੱਲ੍ਹੇ ਮੈਦਾਨ ਅੰਦਰ,
ਅਪਣਾ ਦੀਦਾਰ ਖੁੱਲ੍ਹਾ ਦੇ ਦਿਲ ਦੇ ਮਾਰਿਆਂ ਨੂੰ।

ਇਤਬਾਰ ਨਾ ਕਰੇ ਕੁਈ ਕਿਉਂ ਤੇਰੇ ਵਾਅਦਿਆਂ ’ਤੇ,
ਸਚ ਵਾਂਗ ਪੇਸ਼ ਕਰਦੈਂ ਤੂੰ ਅਪਣੇ ਲਾਰਿਆਂ ਨੂੰ।

ਮੈਨੂੰ ਤਾਂ ਉਮਰ ਭਰ ਉਹ ਹੋ ਕੇ ਜੁਦਾ ਨਾ ਮਿਲਿਆ,
ਫਿਰ ਵੀ ਸਲਾਮ ਕੀਤੀ ਮੈਂ ਉਸ ਦੇ ਕਾਰਿਆਂ ਨੂੰ।

ਨਾ ਰਾਸ ਤੈਨੂੰ ਆਈ, ਇਹਨਾਂ ਦੀ ਠੰਡੀ ਛਾਂ ਵੀ,
‘ਸੱਗੂ’ ਕਿਉਂ ਦੋਸ਼ ਦੇਵੇ, ਰੁੱਖਾਂ ਵਿਚਾਰਿਆਂ ਨੂੰ।



## ਰਾਹੀ

ਰਾਹੀ ਪੰਧ ਮੁਕਾ ਬੈਠਾ ਹੈ।
ਹੁਣ ਮੰਜ਼ਿਲ ’ਤੇ ਜਾ ਬੈਠਾ ਹੈ।

ਲੋਕਾਂ ਦੇ ਲਗ ਲਗ ਕੇ ਪਿੱਛੇ,
ਯਾਰ ਕਿਉਂ ਝੁੱਗੀ ਢਾ ਬੈਠਾ ਹੈ।

ਰੂਪ ਉਹਦੇ ਦਾ ਜਲਵਾ ਤਕ ਕੇ,
ਮੂਸਾ ਹੋਸ਼ ਗੁਆ ਬੈਠਾ ਹੈ।

ਸੂਰਜ, ਚੰਨ ਦੀ ਗੋਦ ’ਚ ਬਹਿ ਕੇ,
ਅਪਣੀ ਤਪਸ਼ ਗੁਆ ਬੈਠਾ ਹੈ।

ਤੋੜ ਕੇ ਚੱਪੂ ਏਕੇ ਦਾ ਉਹ,
ਬੇੜੀ ਡੋਬਣ ਲਾ ਬੈਠਾ ਹੈ।

ਧਾਰ ਕੇ ਭੇਸ ਫ਼ਕੀਰਾਂ ਵਾਲਾ,
ਚੋਰ ਨਗਰ ਵਿਚ ਆ ਬੈਠਾ ਹੈ।

ਦੋ ਤਿੰਨ ਚਾਰ ਕਿਤਾਬਾਂ ਲਿਖਕੇ,
‘ਸੱਗੂ’ ਬਣੀ ਖ਼ੁਦਾ ਬੈਠਾ ਹੈ।

## ਮੌਤ ਤੋਂ

ਮੌਤ ਤੋਂ ਭੈਅ ਜਿੰਦ ਖਾਵੇ, ਇਹ ਜ਼ਰੂਰੀ ਤਾਂ ਨਹੀਂ।
ਤੋਰ ਕੁਲ ਪੈਂਡਾ ਮੁਕਾਵੇ, ਇਹ ਜ਼ਰੂਰੀ ਤਾਂ ਨਹੀਂ।

ਪੀਣ ਤੋਂ ਖਾਧੀ ਕਸਮ, ਆਪਾਂ ਅਨੇਕਾਂ ਵਾਰ ਹੀ,
ਇਹ ਕਸਮ ਹੁਣ ਨਿਭ ਹੀ ਜਾਵੇ, ਇਹ ਜ਼ਰੂਰੀ ਤਾਂ ਨਹੀਂ।

ਯਾਦ ਉਸ ਨੂੰ ਨਿੱਤ ਕਰਾਂ ਮੈਂ, ਮੀਤ ਅਪਣਾ ਜਾਣ ਕੇ,
ਆਣ ਕੇ ਉਹ ਮੂੰਹ ਦਿਖਾਵੇ, ਇਹ ਜ਼ਰੂਰੀ ਤਾਂ ਨਹੀਂ।

ਆਣ ਕੇ ਕੋਈ ਗ਼ਜ਼ਲ ਗਾਵੇ ਮਿਰੀ ਦਿਲ ਖੋਲ੍ਹ ਕੇ,
ਗੀਤ ਮੇਰਾ ਗੁਣਗੁਣਾਵੇ, ਇਹ ਜ਼ਰੂਰੀ ਤਾਂ ਨਹੀਂ।

ਆਸ 'ਸੱਗੂ' ਲਾ ਕੇ ਬੈਠਾ ਯਾਰ ਨੇ ਘਰ ਆਵਣਾ,
ਮੀਤ ਪਰ! ਆਵੇ ਹੀ ਆਵੇ, ਇਹ ਜ਼ਰੂਰੀ ਤਾਂ ਨਹੀਂ।



## ਸੌਂ ਰਹੇ

ਸੌਂ ਰਹੇ ਨੇ ਲੋਕ ਯਾਰੋ ਦੀਪ ਜਗਦਾ ਰੌਸ਼ਨੀ ਦਾ।
ਰੋਜ਼ ਆ ਆ ਕੇ ਹਨ੍ਹੇਰਾ ਖ਼ੂਨ ਕਰਦੈ ਆਦਮੀ ਦਾ।

ਗ਼ੈਰ ਵਾਂਗੂੰ ਚੋਭ ਮਾਰੇ ਮਸ਼ਕਰੀ ਵੀ ਦੋਸਤਾਂ ਦੀ,
ਕੀ ਭਰੋਸਾ ਮੈਂ ਕਰਾਂ ਦੱਸੋ ਅਜੇਹੀ ਦੋਸਤੀ ਦਾ।

ਜਾਮ ਖ਼ਾਲੀ ਹੋ ਗਏ ਨੇ, ਵਕਤ ਬੇਈਮਾਨ ਹੋਇਐ,
ਘੁੱਟ ਪਾ ਦੇ ਤੂੰ ਪਿਆਲੇ ਰਿੰਦ ਨੂੰ ਸੰਜੀਵਨੀ ਦਾ।

ਕਾਰਵਾਂ ਉਹ ਹੀ ਹਮੇਸ਼ਾਂ ਪਹੁੰਚਦੈ ਮੰਜ਼ਿਲ ਦੇ ਉੱਤੇ,
ਚਾਅ ਜਿਨ੍ਹਾਂ ਦੇ ਦਿਲ 'ਚ ਰਹਿੰਦਾ ਪੈਂਡਿਆਂ ਦੀ ਤਾਜ਼ਗੀ ਦਾ।

ਸੀਸ ਝੁਕ ਜਾਂਦਾ ਹੈ ਮੇਰਾ ਲੰਘਦਾਂ ਜਦ ਯਾਰ ਦਾ ਦਰ,
ਓਸ ਦਾ ਘਰ ਬਣ ਗਿਆ 'ਸੱਗੂ' ਲਈ ਦਰ ਬੰਦਗੀ ਦਾ।

## ਕਦੋਂ ਤਕ

ਕਦੋਂ ਤਕ ਮਹਿਲ ਖ਼ਾਬਾਂ ਦੇ ਸਜਾਏਂਗਾ 'ਭੂਪਿੰਦਰ' ਤੂੰ।
ਭਲਾ ਦੱਸ ਭੇਸ ਹੁਣ ਕਿੰਨੇ ਵਟਾਏਂਗਾ ਭੂਪਿੰਦਰ ਤੂੰ।

ਤਿਰੀ ਆਦਤ ਗੁਜ਼ਰਨਾਂ ਮੁਸ਼ਕਿਲਾਂ ਵਿੱਚੋਂ ਸਦਾ ਬਚ ਕੇ,
ਕਦੋਂ ਤਕ ਜਾਲ ਰਾਹਾਂ ਵਿਚ ਵਿਛਾਏਂਗਾ 'ਭੂਪਿੰਦਰ' ਤੂੰ।

ਪਰਾਂ ਨੂੰ ਤੋਲ ਕੇ ਮਾਰੀਂ ਉਡਾਰੀ ਅਰਸ਼ ਜੇ ਛੂਹਣਾ,
ਨਹੀਂ ਇੰਝ ਮੰਜ਼ਿਲਾਂ ਦੇ ਰਾਹ ਮੁਕਾਏਂਗਾ 'ਭੂਪਿੰਦਰ' ਤੂੰ।

ਉਮੀਦਾਂ ਦੇ ਨੇ ਫ਼ਲ ਝੰਬੇ ਨੇ ਵਿਧਵਾ ਠੰਡੀਆਂ ਛਾਵਾਂ,
ਕਿਵੇਂ ਰੁੱਖ ਹੇਠ ਆਪੇ ਨੂੰ ਵਿਛਾਏਂਗਾ 'ਭੂਪਿੰਦਰ' ਤੂੰ।

ਤੂੰ ਵਅਦਾ ਕਰ, ਤੁਰੇਗਾ ਕਾਫ਼ਿਲਾ ਜਦ ਸਰਫ਼ਰੋਸ਼ਾਂ ਦਾ,
ਮਸ਼ਾਲਾਂ ਫੜ ਕੇ ਉਹਨਾਂ ਨਾਲ ਜਾਏਂਗਾ 'ਭੂਪਿੰਦਰ' ਤੂੰ।



## ਦੇਖ ਕੇ

ਦੇਖ ਕੇ ਅਪਣੀ ਤਬਾਹੀ ਮੈਂ ਸਦਾ ਹੱਸਦਾ ਰਿਹਾ।
ਫੇਰ ਵੀ ਸੋਚਾਂ ਕਿ ਮੇਰਾ ਘਰ ਕਿਵੇਂ ਵੱਸਦਾ ਰਿਹਾ।

ਮੇਰਿਆਂ ਹੋਠਾਂ ਨੇ ਪੀਤੀ ਜ਼ਹਿਰ ਅੰਮ੍ਰਿਤ ਜਾਣ ਕੇ,
ਫੇਰ ਵੀ ਫਨੀਅਰ ਵਿਛੋੜੇ ਦਾ ਸਦਾ ਡੱਸਦਾ ਰਿਹਾ।

ਸੜਕ ਸੀ ਰੇਤੇ ਦੀ ਮੰਜ਼ਿਲ 'ਤੇ ਪਹੁੰਚਦਾ ਕਿਸ ਤਰ੍ਹਾਂ?
ਰੇਤ ਦੇ ਸੀਨੇ 'ਚ ਮੇਰਾ ਪੈਰ ਹੀ ਧੱਸਦਾ ਰਿਹਾ।

ਮੈਂ ਗਵਾਈ ਉਮਰ ਅਪਣੀ ਜਿਸ ਦੇ ਪਿੱਛੇ ਚਲਦਿਆਂ,
ਮੇਰੇ ਪਰਛਾਵੇਂ ਤੋਂ ਵੀ ਉਹ ਦੂਰ ਹੀ ਨੱਸਦਾ ਰਿਹਾ।

ਇਹ ਸ਼ੁਦਾਅ ਸੀ ਜਾਂ ਸੀ ਪਾਗਲਪਨ ਜਾਂ ਇਹ ਕੁਝ ਹੋਰ ਸੀ,
ਨਾਮ ਤੇਰਾ ਦੋਸਤਾ ਲੈ ਲੈ ਕੇ ਮੈਂ ਹੱਸਦਾ ਰਿਹਾ।

ਆਪਣੀ ਛਾਤੀ 'ਚ 'ਸੱਗੂ' ਤੀਰ ਸਾਰੇ ਠੋਕ ਲਏ,
ਮੈਂ ਨਿਸ਼ਾਨਾ ਰੋਜ਼ ਅਪਣੇ ਆਪ 'ਤੇ ਕੱਸਦਾ ਰਿਹਾ।

## ਪੁੱਛੋ ਨਾ

ਪੁੱਛੋ ਨਾ ਇਸ ਜਗ ਦਾ ਹਾਲ।
ਇਹ ਤੁਰਦਾ ਬੇਢੰਗੀ ਚਾਲ।

ਮਰਿਆਂ ਉੱਤੇ ਚੜ੍ਹਦੇ ਫੁੱਲ,
ਜਿਊਂਦੇ ਕੋਹ ਕੋਹ ਕਰੇ ਹਲਾਲ।

ਗਾਈ ਜਾਣ ਅਨੋਖੇ ਗੀਤ,
ਸਾਜ਼ 'ਚੋਂ ਕੱਢਣ ਵਖਰੀ ਤਾਲ।

ਹਰ ਇਕ ਸ਼ਖ਼ਸ ਦੇ ਮੱਥੇ ਵੱਟ,
ਹਾਸੇ ਤੋਂ ਨੇ ਸੱਭ ਕੰਗਾਲ।

ਹੋਰਾਂ ਦੀ ਗੱਲ ਕਰ ਲਈ ਫੇਰ,
ਪਹਿਲਾਂ ਅਪਣਾ ਆਪ ਸੰਭਾਲ।

ਗੁੰਮ ਰਿਹਾ ਹੈ ਸਭਿਆਚਾਰ,
ਤੂੰ ਨਾ ਬਦਲੀਂ ਅਪਣੀ ਚਾਲ।

'ਸੱਗੂ' ਸਾਰੀ ਦੁਨੀਆਂ ਝੂਠ,
ਜੀਵਨ ਕੱਟ ਜ਼ਮੀਰਾਂ ਨਾਲ।



## ਦਿਲਾਂ ਵਿਚ

ਜਦੋਂ ਤੀਕਰ ਹਨ੍ਹੇਰਾ ਹੈ ਤੂੰ ਦੀਵਾ ਬਾਲ ਕੇ ਰੱਖੀਂ।
ਤੂੰ ਅਪਣੇ ਸੁਪਨਿਆਂ ਨੂੰ ਉਮਰ ਭਰ ਸੰਭਾਲ ਕੇ ਰੱਖੀਂ।

ਹਨ੍ਹੇਰਾ ਸਿਰਜਦੈ ਸਾਜ਼ਿਸ਼ ਸਮਾਂ ਹੈ ਏਸ ਵਿਚ ਸ਼ਾਮਿਲ,
ਤੂੰ ਅਪਣੇ ਘਰ ਦੀ ਹਰ ਇਕ ਚੀਜ਼ ਨੂੰ ਪੜਤਾਲ ਕੇ ਰੱਖੀਂ।

ਘਰਾਂ ਵਿਚ ਅਮਨ ਜੇ ਹੋਵੇ ਤਾਂ ਪੈਂਦੀ ਰਿਜ਼ਕ ਵਿਚ ਬਰਕਤ,
ਮੇਰੇ ਰੱਬਾ ਤੂੰ ਮੇਰੀ ਹਰ ਮੁਸੀਬਤ ਟਾਲ ਕੇ ਰੱਖੀਂ।

ਮਨੁੱਖਾਂ ਦੀ ਹਿਫ਼ਾਜਤ ਲਈ ਲੜੀਂ ਤੂੰ ਆਖ਼ਰੀ ਦਮ ਤਕ,
ਤੂੰ ਹਰ ਮੈਦਾਨ ਦੇ ਅਨੁਸਾਰ ਖ਼ੁਦ ਨੂੰ ਢਾਲ ਕੇ ਰੱਖੀਂ।

ਮੈਂ ਇਸ ਰੌਸ਼ਨ ਗਰਾਂ ਅੰਦਰ ਪਿਆ ਹਾਂ ਭੋਗਦਾ ਤਲਖ਼ੀ,
ਦਿਲਾ ਐਵੇਂ ਨਾ ਚਾਵਾਂ ਦੇ ਕਬੂਤਰ ਪਾਲ ਕੇ ਰੱਖੀਂ।

ਘਣੇ ਰੁੱਖਾਂ ਦੀ ਛਾਂ ਹੇਠਾਂ ਐ 'ਸੱਗੂ' ਅੱਖ ਨਾ ਲਾਵੀਂ,
ਤੜਪ ਰੱਖੀਂ ਤੂੰ ਦਿਲ ਅੰਦਰ ਤੂੰ ਖ਼ੁਦ ਨੂੰ ਜਾਲ ਕੇ ਰੱਖੀਂ।

ਗ਼ਮਾਂ ਦਾ ਜ਼ਹਿਰ ਪੀ ਕੇ ਵੀ ਤੂੰ 'ਸੱਗੂ' ਸੀ ਨਹੀਂ ਕਰਦਾ,
ਤੂੰ ਅਪਣਾ ਦਰਦ ਵੀ ਸੀਨੇ ਦੇ ਵਿਚ ਸੰਭਾਲ ਕੇ ਰੱਖੀਂ।

## ਜਦ ਕਦੇ

ਜਦ ਵੀ ਦੇਖਾਂ ਰਾਤ ਸਮੇਂ ਮੈਂ ਅੰਬਰ ਦੇ ਵਿਚ ਟੁੱਟਦਾ ਤਾਰਾ।
ਤਦ ਫਿਰ ਮੈਨੂੰ ਚੇਤੇ ਆਵੇ ਪਿੰਡ ਅਪਣੇ ਦਾ ਕੱਚਾ ਢਾਰਾ।

ਪ੍ਰੇਮ ਮੁਹੱਬਤ ਖੰਭ ਲਾ ਉੱਡਿਆ, ਪਿਆਰ ਦੀ ਬੋਲੀ ਭੁਲ ਬੈਠੇ ਹਾਂ,
ਦਿਲ ਦੇ ਅੰਦਰ ਮੁੱਕਦੀ ਜਾਵੇ, ਪ੍ਰੇਮ ਮਿਲਣ ਦੀ ਵਗਦੀ ਧਾਰਾ।

ਟੁਰ ਗਏ ਪੂਰ ਮੁਹੱਬਤਾਂ ਵਾਲੇ ਖੌਰੇ ਕਿਹੜੇ ਪਾਸੇ ਯਾਰੋ,
ਸਰਦਲ ਉੱਤੇ ਬੈਠ ਉਡੀਕਾਂ, ਕਾਸ਼! ਕਿੱਤੇ ਉਹ ਮਿਲਣ ਦੁਬਾਰਾ।

ਅੱਜ ਸਜਣਾ ਘਰ ਆਉਣਾ ਮੇਰੇ, ਮੇਰਾ ਦਿਲ ਉਡਿਆ ਫਿਰਦਾ ਹੈ,
ਚਾਨਣ ਸੰਗ ਮੈਂ ਵਿਹੜਾ ਪੋਚਾਂ, ਦੀਵੇ ਬਾਲ ਕਰਾਂ ਉਜਿਆਰਾ।

ਪ੍ਰੇਮ-ਪੁਜਾਰੀ 'ਸੱਗੂ' ਜ਼ਖ਼ਮੀ ਏਸ ਜ਼ਮਾਨੇ ਕੀਤਾ ਹੋਇਐ,
ਕਿਹੜਾ ਰੰਗ ਖ਼ਰੀਦਾਂ, ਹੋਕਾ ਦੇਵੇ ਰੰਗਾਂ ਦਾ ਵਣਜਾਰਾ।



## ਮੋਢੇ ਰਫ਼ਲਾਂ

ਮੋਢੇ ਰਫ਼ਲਾਂ, ਹੱਥੀਂ ਖ਼ੰਜਰ ਪਕੜੇ ਜਦ ਸ਼ੈਤਾਨਾਂ ਨੇ।
ਵਸਦੇ ਰਸਦੇ ਲੋਕ ਉਜਾੜੇ ਦੁਨੀਆਂ ਵਿਚ ਹੈਵਾਨਾਂ ਨੇ।

ਜਾਲ ਵਿਛਾ ਕੇ ਬੈਠੇ ਰਹਿੰਦੇ ਰੋਜ਼ ਸ਼ਿਕਾਰੀ ਰੁੱਖਾਂ ਹੇਠ,
ਰੁੱਖੀਂ ਬੈਠੇ ਪੰਛੀ ਰੋਵਣ, ਦਾਅ 'ਤੇ ਲੱਗੀਆਂ ਜਾਨਾਂ ਨੇ।

ਔਖਾ ਹੋਇਆ ਜੀਣਾ ਇਥੇ, ਮਰਨਾ ਵੀ ਦੁਸ਼ਵਾਰ ਜਿਹਾ,
ਜੀਣਾ ਮੁਸ਼ਕਿਲ ਕੀਤਾ ਸਾਡਾ ਹਾਕਿਮ ਦੇ ਫ਼ੁਰਮਾਨਾਂ ਨੇ।

ਬਹਿਰਾਂ ਉੱਤੇ ਪਹਿਰਾ ਦਿੰਦੇ ਸ਼ਾਇਰ ਵਿਰਲੇ ਵਿਰਲੇ ਹੀ,
ਸੁੰਦਰ ਮਤਲੇ, ਮਕਤੇ ਵੀ ਤਾਂ ਰਾਂਗਲੀਆਂ ਮੁਸਕਾਨਾਂ ਨੇ।

ਅਪਣਾ ਤਨ ਮਨ ਸੌਂਪ 'ਭੂਪਿੰਦਰ' ਗ਼ਜ਼ਲਾਂ ਵਰਗਾ ਹੋ ਜਾ ਤੂੰ,
ਬਿਨ ਮੁਰਸ਼ਦ ਦੇ ਸ਼ਾਇਰ ਸੱਖਣਾ, ਜਿਉਂ ਬਿਨ ਸਾਜ਼ ਦੇ ਤਾਨਾਂ ਨੇ।

## ਆਪੇ ਹੱਸਾਂ

ਆਪੇ ਹੱਸਾਂ ਆਪੇ ਰੋਵਾਂ, ਅਪਣਾ ਦਿਲ ਬਹਿਲਾਵਾਂ ਮੈਂ।
ਚਾਰ ਚੁਫ਼ੇਰੇ ਘੋਰ ਹਨ੍ਹੇਰਾ, ਐ ਮਨ ਕਿੱਧਰ ਜਾਵਾਂ ਮੈਂ।

ਸਿਰ ਮੇਰੇ 'ਤੇ ਪੰਡ ਫਰਜ਼ ਦੀ, ਰੱਖ ਉਹ ਕਿੱਧਰ ਟੁਰਿਆ ਹੈ,
ਮਿੱਤਰ ਨਾਲ ਜੋ ਕੀਤੇ ਵਾਦੇ, ਹਾਲੇ ਤੀਕ ਨਿਭਾਵਾਂ ਮੈਂ।

ਵਕਤ ਸੀ ਉਹ ਵੀ ਕੱਚੇ ਘਰ ਵਿਚ, ਵਾਂਗ ਨਵਾਬਾਂ ਰਹਿੰਦੇ ਸਾਂ,
ਪੱਕੇ ਘਰ ਵਿਚ ਸਭ ਕੁਝ ਹੁੰਦੇ, ਫਿਰ ਵੀ ਨਾ ਮੁਸਕਾਵਾਂ ਮੈਂ।

ਸੋਚ ਜਦੋਂ ਕੋਈ ਆਣ ਹਲੂਣੇ, ਸੰਗ ਮੈਂ ਉਸ ਦੇ ਟੁਰ ਪੈਨਾਂ,
ਸ਼ਬਦਾਂ ਦੇ ਸਾਗਰ ਦੇ ਵਿੱਚੋਂ ਮੋਤੀ ਲੱਭ ਲਿਆਵਾਂ ਮੈਂ।

ਸੱਸੀ ਵਾਂਗੂੰ 'ਸੱਗੂ' ਸਾਹਵੇਂ ਹੈ ਬਿਰਹਾ ਦਾ ਮਾਰੂਥਲ,
ਦਿਲ ਮੇਰਾ ਹੈ ਤਪਿਆ ਰੇਤਾ, ਰੋਵਾਂ ਤੇ ਕੁਰਲਾਵਾਂ ਮੈਂ।



## ਰਿਸ਼ਤਿਆਂ ਵਿਚ

ਰਿਸ਼ਤਿਆਂ ਵਿਚ ਤੇੜ ਆਈ, ਖ਼ੂਨ ਚਿੱਟਾ ਹੋ ਗਿਆ।
ਚੁੱਪ ਹੈ ਸਾਰੀ ਲੁਕਾਈ, ਖ਼ੂਨ ਚਿੱਟਾ ਹੋ ਗਿਆ।

ਇਹ ਕਿਸੇ ਨੂੰ ਕੀ ਪਤਾ ਸੀ ਹੋਏਗਾ ਏਦਾਂ ਕਦੇ,
ਭੇਤੀਆਂ ਲੰਕਾ ਹੈ ਢਾਈ, ਖ਼ੂਨ ਚਿੱਟਾ ਹੋ ਗਿਆ।

ਕੌਣ ਜਿੱਤੂ ਕੌਣ ਹਾਰੂ ਦੌੜ ਲੱਗੀ ਹਰ ਤਰਫ਼,
ਭੱਜ ਰਹੀ ਥਾਂ ਥਾਂ ਲੁਕਾਈ ਖ਼ੂਨ ਚਿੱਟਾ ਹੋ ਗਿਆ।

ਦਿਨ ਚੜ੍ਹੇ ਪੂਜਾ ਕਰਨ ਉਹ ਸੰਨ੍ਹ ਲਾਉਂਦੇ ਰਾਤ ਨੂੰ,
ਮਿਲ ਗਏ ਪੰਡਤ ਤੇ ਭਾਈ, ਖ਼ੂਨ ਚਿੱਟਾ ਹੋ ਗਿਆ।

ਰਿਸ਼ਤਿਆਂ ਵਿਚਕਾਰ 'ਸੱਗੂ' ਵਿਛ ਗਈ ਕਾਲਖ਼ ਦਿਸੇ,
ਹੈ ਬੜੀ ਮੁਸ਼ਕਿਲ ਸਫ਼ਾਈ ਖ਼ੂਨ ਚਿੱਟਾ ਹੋ ਗਿਆ।

## ਦਿਨ ਰਾਤ

ਦਿਨ ਰਾਤ ਮੈਨੂੰ ਤੇਰਾ ਆਏ ਖ਼ਿਆਲ ਸਜਣਾ।
ਤੇਰੇ ਬਿਨਾਂ ਹੈ ਮੇਰਾ ਜੀਣਾ ਮੁਹਾਲ ਸੱਜਣਾ।

ਚੰਗੀ ਨਹੀਂ ਹੈ ਹੁੰਦੀ ਵਾਅਦਾ-ਖ਼ਿਲਾਫੀ ਕਰਨੀ,
ਪੁੱਛ ਨਾ ਬਿਤਾਏ ਕਿੱਦਾਂ ਐਨੇ ਮੈ ਸਾਲ ਸਜਣਾ।

ਦਿਨ ਚਾਰ ਜ਼ਿੰਦਗੀ ਦੇ ਇਹਨਾਂ ਨੂੰ ਮਾਣ ਲੈ ਤੂੰ,
ਲਾ ਲਾ ਤੂੰ ਝੂਠੇ ਲਾਰੇ ਕਰ ਨਾ ਕਮਾਲ ਸਜਣਾ।

ਤੂੰ ਕੋਲ ਮੇਰੇ ਖੜ੍ਹ ਕੇ ਮੇਰਾ ਜਵਾਬ ਸੁਣ ਲੈ,
ਕਿਉਂ ਜਾ ਰਿਹਾ ਏਂ ਮੈਨੂੰ ਕਰਕੇ ਸਵਾਲ ਸਜਣਾ।

ਲੰਮੀ ਬੜੀ ਜੁਦਾਈ ਬਿਰਹਾ ਦੇ ਮਾਰਿਆਂ ਨੂੰ,
ਤੇਰੇ ਬਗ਼ੈਰ ਦਿਲ ਵਿਚ ਉਠਦਾ ਉਬਾਲ ਸਜਣਾ।

ਅਰਦਾਸ ਸੰਧਿਆ ਦੀ ਕਰਦਾਂ ਮੈਂ ਤੇਰੀ ਖ਼ਾਤਿਰ,
ਬਲਦੀ ਰਹੇ ਦਿਲ ਅੰਦਰ ਤੇਰੀ ਮਸ਼ਾਲ ਸਜਣਾ।

ਪੈਂਡਾਂ ਇਹ ਜ਼ਿੰਦਗੀ ਦਾ ਮੁਸ਼ਕਿਲ ਬੜਾ ਹੈ 'ਸੱਗੂ',
ਛੱਡ ਕੇ ਤਮਾਮ ਗ਼ਮ ਤੂੰ ਮੰਜ਼ਿਲ ਨੂੰ ਭਾਲ ਸਜਣਾ।



## ਇਹ ਦੁਨੀਆਂ

ਇਹ ਦੁਨੀਆਂ ਮਿੱਤਰ ਮਾਰਾਂ ਦੀ, ਤੇ ਹਰ ਥਾਂ ਮਿੱਤਰ ਮਾਰੀ ਹੈ।
ਹੈ ਚੌਧਰ ਚੋਰ ਉਚੱਕਿਆ ਦੀ ਤੇ ਚੋਰਾਂ ਦੀ ਸਰਦਾਰੀ ਹੈ।

ਏਥੇ ਹਾਕਿਮ ਘਪਲੇ ਕਰਦੇ ਨੇ ਲੁੱਟ ਲੁੱਟ ਕੇ ਖਾਂਦੇ ਲੋਕਾਂ ਨੂੰ,
ਇਹ ਮੰਡੀ ਝੂਠ ਫ਼ਰੇਬਾਂ ਦੀ ਇਥੇ ਚਲਦੀ ਚੋਰ-ਬਜ਼ਾਰੀ ਹੈ।

ਅਜ ਦਿੰਦੇ ਸਾਧ ਗਵਾਹੀਆਂ ਨੇ ਚੋਰਾਂ ਦੇ ਹੱਕ ਵਿਚ ਖੜ੍ਹ ਖੜ੍ਹ ਕੇ,
ਇੱਥੇ ਛਿੱਕੇ ਟੰਗ ਅਸੂਲਾਂ ਨੂੰ ਇਨ੍ਹਾਂ ਦਹਿਸ਼ਤ ਖ਼ੂਬ ਖਿਲਾਰੀ ਹੈ।

ਕੁੱਝ ਬੰਦਿਸ਼ ਸਾਡੇ ਹੋਠਾਂ 'ਤੇ ਕੁੱਝ ਲੱਗੇ ਮੂਹ 'ਤੇ ਤਾਲੇ ਨੇ,
ਸੱਚ ਮੂੰਹੋਂ ਕਹਿਣੋਂ ਹਟਣਾ ਨਈਂ ਸਾਡੀ ਇਹ ਜ਼ਿੰਮੇਵਾਰੀ ਹੈ।

ਜੋ ਵੰਡਣ ਲੋਕ ਲੁਕਾਈ ਨੂੰ ਉਹ ਮਾਨੁੱਖਤਾ ਦੇ ਕਾਤਿਲ ਨੇ,
ਇਨ੍ਹਾਂ ਰੰਗਾਂ, ਨਸਲਾਂ, ਮਜ਼੍ਹਬਾਂ ਵਿਚ ਪਾੜੇ ਦੀ ਕੰਧ ਉਸਾਰੀ ਹੈ।

ਇੱਥੇ ਬੰਦਾ ਅਕਲੋਂ ਖ਼ਾਲੀ ਹੈ ਜੋ ਪੱਥਰ ਪੂਜੀ ਜਾਂਦਾ ਏ,
ਰੱਬ ਜਾਨਣ ਲੋਕੀਂ ਪੱਥਰਾਂ ਨੂੰ ਕੀ ਮੱਤ ਇਨ੍ਹਾਂ ਦੀ ਮਾਰੀ ਹੈ।

ਸਭ ਲਾਹਨਤ ਪਾਉਂਦੇ 'ਸੱਗੂ' ਨੂੰ ਜੋ ਗੱਲਾਂ ਸੱਚੀਆਂ ਕਰਦਾ ਏ,
ਜੋ ਸੋਚੇ ਲੋਕਾਂ ਦੀ ਖ਼ਾਤਿਰ ਤੇ ਲੋਕਾਂ ਦਾ ਸਹਿਕਾਰੀ ਹੈ।

## ਕੁਰਸੀ ਉੱਤੇ

ਜਿਸ ਨੂੰ ਰਹਿਬਰ ਕਹਿੰਦੇ ਹੋ ਉਹ ਠੱਗ ਹੈ, ਚੋਰ, ਲੁਟੇਰਾ ਹੈ।
ਦੋਹੀਂ ਹੱਥੀਂ ਜਨਤਾ ਲੁੱਟੇ ਕਰਦਾ ਮੇਰਾ ਮੇਰਾ ਹੈ।

ਬੇਰੁਜ਼ਗਾਰੀ ਨੇ ਲੱਕ ਤੋੜੇ ਲੋਕ ਬੜੇ ਹੀ ਔਖੇ ਨੇ,
ਹਰ ਪਾਸੇ ਮਹਿੰਗਾਈ ਛਾਈ ਚਾਰੋਂ ਤਰਫ਼ ਹਨ੍ਹੇਰਾ ਹੈ।

ਪੌਣ ਸਮੇਂ ਦੀ ਜ਼ਹਿਰ ਉਗਲਦੀ, ਪਾਣੀ ਸਭ ਜ਼ਹਿਰੀਲੇ ਨੇ,
ਪ੍ਰਦੂਸ਼ਣ ਸੰਗ ਭਿੱਜਿਆ ਭਿੱਜਿਆ ਚੜ੍ਹਦਾ ਨਿੱਤ ਸਵੇਰਾ ਹੈ।

ਨਿਸਦਿਨ ਨਫ਼ਰਤ ਵਧਦੀ ਜਾਵੇ ਮਜ਼੍ਹਬਾਂ ਕਾਰਨ ਲੋਕਾਂ ਵਿੱਚ,
ਪਿਆਰ ਮੁਹੱਬਤ ਵੰਡੀ ਜਾਓ ਅਪਣਾ ਪੰਧ ਲਮੇਰਾ ਹੈ।

ਕੀਲ ਸਕੇ ਨਾ ਬੀਨ ਕਦੇ ਵੀ ਜ਼ਹਿਰੀ ਕਾਲੇ ਨਾਗਾਂ ਨੂੰ,
ਮਜ੍ਹਮਾਂ ਲਾ ਕੇ ਗਲੀਆਂ ਦੇ ਵਿਚ ਕਰਦਾ ਢੌਂਗ ਸਪੇਰਾ ਹੈ।

ਮੁਸ਼ਕਿਲ ਤੇ ਮੁਸ਼ਕਿਲ ਹੈ ਸਾਹਵੇਂ ਹੈ ਰਸਤਾ ਦੁਸ਼ਵਾਰ ਬੜਾ,
ਤੁਰਿਆ ਜਾਵੇ ਰਾਹੀ ਭਾਵੇਂ ਰਾਹ ਵਿਚ ਨ੍ਹੇਰ ਘਨੇਰਾ ਹੈ।

ਹਰ ਵੇਲੇ ਤਲਵਾਰ ਤਿਰੀ ਕਿਉਂ ਖ਼ੂਨ ਜਿਗਰ ਦਾ ਮੰਗਦੀ ਹੈ,
ਢਾਲ ਗ਼ਰੀਬਾਂ ਦਾ ਬਣ 'ਸੱਗੂ' ਜੇ ਤੇਰੇ ਵਿਚ ਜੇਰਾ ਹੈ।



## ਨਾਲ ਫ਼ਕੀਰਾਂ

ਨਾਲ ਫ਼ਕੀਰਾਂ ਲਾ ਕੇ ਯਾਰੀ 'ਸੱਗੂ' ਤੂੰ ਪਛਤਾਏਂਗਾ।
ਹੱਥ ਵਿਚ ਫੜ ਕੇ ਕਾਸਾ ਤੂੰ ਥਾਂ ਥਾਂ 'ਤੇ ਠੋਕਰ ਖਾਏਂਗਾ।

ਸ਼ੋਖ਼ ਜਵਾਨੀ ਹਾਲੇ ਤੇਰੀ ਜੋਗ ਮਿਲਣ ਦੇ ਯੋਗ ਨਹੀਂ,
ਧਾਰ ਕੇ ਭੇਸ ਫ਼ਕੀਰਾਂ ਵਾਲਾ ਸਭ ਦੇ ਦੁੱਖ ਹੰਢਾਏਂਗਾ।

ਮੱਥੇ ਟਿੱਕਾ ਤੇੜ ਲੰਗੋਟੀ, ਪੈਣ ਖੜਾਵਾਂ ਧਾਰਨੀਆਂ,
ਪਾ ਕੇ ਵਸਤਰ ਰੰਗ ਬਰੰਗੇ ਕੀ ਤੂੰ ਜੋਗ ਕਮਾਏਂਗਾ।

ਔਖੀ ਘਾਟੀ, ਬਿਖ਼ੜੇ ਪੈਂਡੇ ਹੌਲੀ ਹੌਲੀ ਤੁਰਿਆ ਚਲ,
ਨਾ ਹੋਸੀ ਕੋਈ ਤੇਰਾ ਸਾਨੀ ਜੇ ਤੂੰ ਤੋੜ ਨਿਭਾਏਂਗਾ।

ਟੁਰ ਜਾਏਗਾ ਜਦ ਦੀਵਾਨਾ 'ਸੱਗੂ' ਤੇਰੀ ਮਹਿਫ਼ਲ 'ਚੋਂ,
ਸਜਰੀ ਪੈੜ ਦੀ ਧੂੜੀ ਚੁਕ ਚੁਕ ਤੂੰ ਮੱਥੇ ਨੂੰ ਲਾਏਂਗਾ।

## ਏਸ ਜਜ਼ੀਰੇ

ਏਸ ਜ਼ਜ਼ੀਰੇ ਉੱਤੇ ਛਾਇਆ ਦੁੱਖਾਂ ਦਾ ਪਰਛਾਵਾਂ।
ਕਿਸ ਨਗਰੀ ਵਿਚ ਦੱਸੋ ਮੈਨੂੰ ਸੁਖ ਮੈਂ ਢੂੰਡਣ ਜਾਵਾਂ।

ਮੁੱਦਤ ਤੋਂ ਮੈਂ ਭੋਗ ਰਿਹਾ ਹਾਂ ਅਪਣੇ ਘਰ ਤਨਹਾਈ,
ਬਿਰਹਾ ਦੇ ਸੰਗ ਗੰਢ ਕੇ ਨਾਤਾ, ਪੀੜਾਂ ਪਿਆ ਹੰਢਾਵਾਂ।

ਹਰ ਇਕ ਬੰਦਾ ਔਖਾ ਇੱਥੇ ਜੀਂਦਾ ਹੈ ਮਰ ਮਰ ਕੇ,
ਕਿਸ ਪਾਪੀ ਦੇ ਕਾਰਨ ਚੱਲੀਆਂ ਨਫ਼ਰਤ ਦੀਆਂ ਹਵਾਵਾਂ।

ਪਿਆਰ ਦਿਖਾ ਕੇ ਝੂਠਾ ਉਸ ਨੇ ਭੇਤ ਦਿਲਾਂ ਦੇ ਲੁੱਟੇ,
ਤਾਂ ਹੀਂ ਤਾਂ ਮੈਂ ਝੱਲ ਰਿਹਾ ਹਾਂ ਜੀਵਨ ਵਿੱਚ ਸਜ਼ਾਵਾਂ।

ਹਰ ਇਕ ਰੁੱਖ ਨੇ 'ਨ੍ਹੇਰੇ ਅੰਦਰ ਦੈਂਤ ਦਾ ਰੂਪ ਵਟਾਇਆ,
ਬਿਨ ਸਿਰਨਾਵੇਂ ਸੁਪਨੇ ਲੱਭਣ ਤੁਰੀਆਂ ਰਹਿਣ ਇਛਾਵਾਂ।

ਨਿਸਦਿਨ ਰਾਤੀਂ ਖੰਡਰ ਦੇ ਵਿਚ ਸੂਰਜ ਗੁੰਮ ਹੋ ਜਾਂਦਾ,
ਕਾਲਖ਼ ਦੇ ਝੱਖੜ ਵਿਚ ਤਾਂ ਹੀਂ ਸਚ ਦਾ ਦੀਪ ਜਗਾਵਾਂ।

ਲੱਭ ਲਿਆ ਮੇਰੀ ਇੱਛਾ ਨੇ ਆਖ਼ਿਰ ਵਿਚ ਘਰ ਉਸ ਦਾ,
ਮੇਰ ਪਾਸ ਤਾਂ ਭਾਵੇਂ ਨਈਂ ਸੀ 'ਸੱਗੂ' ਦਾ ਸਿਰਨਾਵਾਂ।



## ਮੱਥੇ

ਮੱਥੇ ਲੱਗੇ ਖ਼ੂਨੀ ਧੱਬੇ ਦਸ ਤੂੰ ਕਿੱਦਾਂ ਧੋਵੇਂਗਾ।
ਕੀਤੇ ਜੋ ਤੂੰ ਪਾਪ ਅਨੇਕਾਂ ਚੇਤੇ ਕਰਕੇ ਰੋਵੇਂਗਾ।

ਦੇਵੇਂਗਾ ਦਸ ਕਿੰਝ ਤੂੰ ਲੇਖਾ ਸਾਡੇ ਜੋ ਬੇਦੋਸ਼ੇ ਤੂੰ,
ਮੂੰਹ ਦੇਖਣ ਲਈ ਸ਼ੀਸ਼ੇ ਅੱਗੇ ਦੱਸ ਤੂੰ ਕਿੰਝ ਖੜੋਵੇਂਗਾ।

ਝੂਠੇ ਮੈਡਲ ਪਾਉਣ ਦੀ ਖ਼ਾਤਿਰ, ਮਾਵਾਂ ਦੇ ਪੁੱਤ ਮਾਰੇ ਤੂੰ,
ਪੰਡ ਗੁਨਾਹਾਂ ਦੀ ਸਿਰ ਚਾਅ ਕੇ ਹਸ਼ਰਾਂ ਤੀਕਰ ਢੋਵੇਂਗਾ।

ਤਨਹਾਈ ਦੇ ਥਲ ਵਿਚ ਭਟਕੀ ਜਾਵੇ ਵਾਂਗ ਸ਼ੁਦਾਈਆਂ ਦੇ,
ਜੁੜਨਾ ਮੁਸ਼ਕਿਲ ਹੈ ਤੂੰ ਜੇਕਰ ਤੀਲਾ ਤੀਲਾ ਹੋਵੇਂਗਾ।

'ਸੁੱਗੂ' ਪੁਛਦਾ ਹੈ ਇਹ ਖ਼ੂਨੀ ਪਿਆਸ ਬੁਝੇਗੀ ਕਦ ਤੀਕਰ,
ਐ ਜ਼ਾਲਿਮ! ਤੂੰ ਏਨਾ ਦਸਦੇ, ਹੋਰ ਤੂੰ ਕਿੰਨੇ ਕੋਹਵੇਂਗਾ।

## ਕੌਣ ਤਪਸਵੀ

ਕੌਣ ਤਪਸਵੀ, ਯੋਗੀ ਇੱਥੇ।
ਬਹੁਤੇ ਰਸ ਦੇ ਭੋਗੀ ਇੱਥੇ।

ਮੰਦਿਰ-ਮਸਜਿਦ ਤੋੜਨ ਵਾਲੇ,
ਵੇਖੇ ਮਨ ਦੇ ਰੋਗੀ ਇੱਥੇ।

ਖ਼ੁਸ਼ੀਆਂ, ਹਾਸੇ ਤੇ ਮੁਸਕਾਨਾਂ,
ਬਣ ਕੇ ਫਿਰਦੇ ਸੋਗੀ ਇੱਥੇ।

ਪਿੱਪਲ ਬੋਹੜ ਸ਼ਤੂਤਾਂ ਰਹੇ ਨਾ,
ਹੁਣ ਨਾ ਬਹਿਦੇ ਜੋਗੀ ਇੱਥੇ।

ਹੇਜ-ਮੁਹੱਬਤ ਤੋਂ ਨਿੱਘ ਵੱਡਾ,
ਬਣ ਨੇ ਜੀਅ ਸਹਿਯੋਗੀ ਇੱਥੇ।

ਟੁਟਿਆ ਹੈ ਦਿਲ ਫਿਰ ਕਿਸ ਦਾ ਅਜ,
ਗਾਵੇ ਕੌਣ ਵਿਯੋਗੀ ਇੱਥੇ।

ਕਿਸ ਕਿਸ ਦਾ ਨਾਂ ਲਈਏ 'ਸੱਗੂ'
ਮਸਲੇ ਬੜੇ ਘਰੋਗੀ ਇੱਥੇ।



## ਬੜੀ ਹੀ

ਬੜੀ ਹੀ ਦੇਰ ਤੋਂ ਦੇਖੀ ਨਹੀਂ ਸੂਰਤ ਤਿਰੀ ਯਾਰਾ।
ਤੂੰ ਮੈਨੂੰ ਜਾਨ ਤੋਂ ਪਿਆਰਾ, ਤੂੰ ਮੈਨੂੰ ਜਾਨ ਤੋਂ ਪਿਆਰਾ।

ਕਿਤੇ ਦਿਸਦਾ ਨਹੀਂ ਹੁਣ ਉਹ ਮਿਰੇ ਖ਼ਾਬੀਂ ਜੋ ਰਹਿੰਦਾ ਸੀ,
ਕਰੀਬੀ ਯਾਰ ਸੀ ਮੇਰਾ, ਜੋ ਮੇਰੀ ਅੱਖ ਦਾ ਤਾਰਾ।

ਤਿਰੇ ਰੋਸੇ ਤਿਰੇ ਸ਼ਿਕਵੇ, ਭੁਲਾਵਾਂ ਕਿੰਝ ਦੱਸ ਮੈਨੂੰ,
ਮਿਰਾ ਜੀਣਾ ਬਿਨਾਂ ਤੇਰੇ ਅਪੂਰਨ ਹੈ ਮਿਰੇ ਯਾਰਾ।

ਉਹ ਮੈਨੂੰ ਦੇ ਗਿਆ ਧੋਖਾ ਮਿਰੇ ਦਿਲ ਦਾ ਜੋ ਜਾਨੀ ਸੀ,
ਅਸਾਂ ਪਰ ਵਾਰਿਆ ਉਸ ਤੋਂ ਸੀ ਅਪਨਾ ਆਪ ਹੀ ਸਾਰਾ।

ਤਿਰੀ ਇਕ ਝਾਤ ਦੀ ਖ਼ਾਤਿਰ 'ਭੂਪਿੰਦਰ' ਰਾਹ ਪਿਆ ਤੱਕੇ,
ਮੁਹੱਬਤ ਦਾ ਪਿਆਸਾ ਉਹ ਫਿਰੇ ਸਹਿਰਾ 'ਚ ਦਿਲਦਾਰਾ।

'ਭੂਪਿੰਦਰ' ਦੀ ਦੁਆ ਤੈਨੂੰ ਸਦਾ ਮਾਣੇਂ ਤੂੰ ਮਨ-ਮੌਜਾਂ,
ਬਲਾਵਾਂ ਰਹਿਣ ਤੈਥੋਂ ਦੂਰ ਟੁੱਟੇ ਕਹਿਰ ਨਾ ਭਾਰਾ।

ਮੈਂ ਫਿਰ ਵਿਸ਼ਵਾਸ ਕਰ ਬੈਠਾਂ ਹਾਂ 'ਸੱਗੂ' ਉਸ ਦੇ ਵਅਦੇ 'ਤੇ,
ਤਲੀ 'ਤੇ ਧਰ ਲਿਆ ਹੈ ਫੇਰ ਮੈਂ ਇਕ ਹੋਰ ਅੰਗਿਆਰਾ।

## ਆਹਲਣਿਆਂ ਨੂੰ

ਜਿੱਦਾਂ ਕਿਰਤੀ ਉਜਰਤ ਕਰਕੇ ਸ਼ਾਮ ਢਲੇ।
ਆਹਲਣਿਆਂ ਨੂੰ ਪੰਛੀ ਪਰਤੇ ਸ਼ਾਮ ਢਲੇ।

ਅਪਣੀ ਸੂਰਤ ਸ਼ੀਸ਼ੇ ਵਿਚ ਜਦ ਤੱਕਣ ਉਹ,
ਭਾਵ ਗ਼ਜ਼ਲ ਦੇ ਹਉਕੇ ਭਰਦੇ ਸ਼ਾਮ ਢਲੇ।

ਘੋਰ-ਘਟਾਵਾਂ ਦਾ ਰੰਗ ਫਿੱਕਾ ਪੈ ਜਾਂਦਾ,
ਜਦ ਉਹ ਜ਼ੁਲਫ਼ਾਂ ਨੂੰ ਲਹਿਰਾਉਂਦੇ ਸ਼ਾਮ ਢਲੇ।

ਅੱਜ ਕਲੀਆਂ ਦਾ ਬਾਗ਼ 'ਚ ਖ਼ਿੜਨਾ ਹੋਇਆ ਹੈ,
ਤਿਤਲੀਆਂ ਨੂੰ ਭੌਰੇ ਦਸਦੇ ਸ਼ਾਮ ਢਲੇ।

ਨੈਣ-ਨਸ਼ੀਲੇ ਤੇਰੇ ਤੀਰ ਚਲਾਵਣ ਜਦ,
ਲੋਕੀ ਰਹਿੰਦੇ ਦਿਲ ਨੂੰ ਫੜਦੇ ਸ਼ਾਮ ਢਲੇ।

ਖ਼ੈਰ-ਮੁਹੱਬਤ ਪਾ ਦੇ 'ਸੱਗੂ' ਜੋਗੀ ਨੂੰ,
ਬਹੁਤਾ ਨਾ ਅਟਕਾਈ ਦਰ 'ਤੇ ਸ਼ਾਮ ਢਲੇ।

ਸਾਥ 'ਭੂਪਿੰਦਰ' ਜੇਕਰ ਤੇਰਾ ਮਿਲ ਜਾਂਦਾ,
ਜਿੱਤੀ ਬਾਜ਼ੀ ਫਿਰ ਨਾ ਹਰਦੇ ਸ਼ਾਮ ਢਲੇ।



## ਜਿੰਦ ਚੁਰਾਹੇ

ਜਿੰਦ ਚੁਰਾਹੇ ਖੜ੍ਹ ਕੇ ਮੇਰੀ ਸੋਚੇ ਕਿੱਧਰ ਜਾਵੇ।
ਸਿਰ 'ਤੇ ਸਿਖਰ ਦੁਪਹਿਰ ਮਿਰੇ ਭੱਠ ਵਰਗਾ ਸੇਕ ਹੰਢਾਵੇ।

ਤਨਹਾ ਤਨਹਾ ਜੀਵਨ ਮੇਰਾ ਲੇਖਾਂ ਦੇ ਵਿਚ ਭਟਕਣ,
ਪ੍ਰੇਮ-ਪਿਆਸਾ ਦਿਲ ਮੇਰਾ, ਕੋਈ ਤਾਂ ਆਣ ਬੁਝਾਵੇ।

ਮੇਰੇ ਦਿਲ ਦੀ ਕੈਨਵਸ ਉੱਤੇ ਓਸ ਦੀਆਂ ਨੇ ਪੈੜਾਂ,
ਪਰਬਤ ਉੱਤੋਂ ਰੁੜ੍ਹਦਾ ਪੱਥਰ ਮੇਰੇ ਵਲ ਜਿਉਂ ਆਵੇ।

ਯਾਦ ਤਿਰੀ ਜਦ ਆਵੇ ਮੈਨੂੰ ਕਰਦੀ ਨੀਂਦ ਗਵਾਰਾ,
ਸੌਂ ਸਕਦਾਂ ਨਾ ਰਾਤਾਂ ਨੂੰ ਮੈਂ, ਰੂਹ ਨੂੰ ਖ਼ੂਬ ਸਤਾਵੇ।

ਫੁੱਲ ਟਹਿਕਣ ਦਾ ਭੇਤ ਅਜੇ ਤਕ ਯਾਰ ਕਿਸੇ ਨਾ ਪਾਇਆ,
ਐਪਰ ਫੁੱਲ-ਸੁਗੰਧੀ 'ਸੱਗੂ' ਚੌਗਿਰਦਾ ਮਹਿਕਾਵੇ।

## ਫ਼ਿਕਰ

ਫ਼ਿਕਰ ਹੈ ਮੈਨੂੰ ਲੱਗਾ ਰਹਿੰਦਾ ਅਪਣੇ ਦਿਲਬਰ ਜਾਨੀ ਦਾ।
ਉਸ ਦੀ ਹਾਲਤ ਉਸ ਦੀ ਸੂਰਤ ਤੇ ਉਸ ਦੀ ਜ਼ਿੰਦਗਾਨੀ ਦਾ।

ਇਸ਼ਕ ਹਕੀਕੀ ਜੋ ਕਰਦੇ ਨੇ ਠਿੱਲ੍ਹਦੇ ਵਿੱਚ ਝਨਾਵਾਂ ਦੇ,
ਮੁੱਲ ਕੋਈ ਨਹੀਂ ਪਾ ਸਕਦਾ ਹੈ ਸੋਹਣੀ ਦੀ ਕੁਰਬਾਨੀ ਦਾ।

ਅਪਣੇ 'ਤੇ ਉਹ ਵਕਤ ਵੀ ਸੀ ਜਦ ਪੈਰ ਨਾ ਭੋਏਂ ਲਗਦੇ ਸਨ,
ਚੇਤੇ ਕਰਕੇ ਰੋਈਏ ਹੁਣ ਤਾਂ ਜੁੱਸਾ ਮਸਤ ਜਵਾਨੀ ਦਾ।

ਵਾਂਗ ਸ਼ਰੀਫ਼ਾਂ ਪੇਸ਼ ਨਾ ਆਵੇ ਚਲਦਾ ਗੁੱਝੀਆਂ ਚਾਲਾਂ ਉਹ,
ਹਾਕਿਮ ਫ਼ਾਇਦਾ ਰੋਜ਼ ਉਠਾਵੇ ਸਾਡੀ ਚੁੱਪ, ਨਾਦਾਨੀ ਦਾ।

ਚਲਦੇ ਰਹਿਣਾ ਹੀ ਜੀਵਨ ਹੈ ਖੜ੍ਹਨਾ ਮੌਤ ਬਰਾਬਰ ਹੈ,
ਉਹ ਰਸਤਾ ਅਪਣਾ 'ਸੱਗੂ' ਜੋ ਸਤਲੁਜ ਨਾਲ ਰਵਾਨੀ ਦਾ।



## ਮੇਰੇ ਬਾਰੇ

ਮੇਰੇ ਬਾਰੇ ਤੂੰ ਕਿੱਦਾਂ ਲਾ ਲਿਆ ਅਨੁਮਾਨ ਮਰਨੇ ਦਾ।
ਅਜੇ ਵੀ ਬਲ ਮਿਰੇ ਸਾਹਾਂ 'ਚ ਹੈ ਸਾਗਰ ਨੂੰ ਤਰਨੇ ਦਾ।

ਥਲਾਂ ਵਿਚ ਮੈਂ ਪਿਆ ਭਟਕਾਂ ਰਤਾ ਕੁ ਨੀਰ ਦੀ ਖ਼ਾਤਿਰ,
ਮੈਂ ਸਿਖਿਆ ਥ਼ੋਰ ਤੋਂ ਹੈ ਢੰਗ ਅਪਣੀ ਪਿਆਸ ਜਰਨੇ ਦਾ।

ਡਰਾਵੇ ਦੇ ਨਾ ਤੂੰ ਮੈਨੂੰ ਮੇਰੇ ਦੁਸ਼ਮਣ ਸਲੀਬਾਂ ਦੇ,
ਕਬੂਤਰ ਡਰ ਨਹੀਂ ਰਖਦੇ ਕਦੀ ਖੇਤਾਂ 'ਚ 'ਡਰਨੇ' ਦਾ।

ਸਦਾ ਜੋ ਖੇਡਦੇ ਖੇਡਾਂ ਉਹੀ ਜਿੱਤਦੇ ਤੇ ਹਰਦੇ ਨੇ,
ਹਮੇਸ਼ਾਂ ਆਲਸੀ ਹੀ ਦਿਲ 'ਚ, ਦੁੱਖ ਮੰਨਦੇ ਨੇ ਹਰਨੇ ਦਾ।

ਚੁਗਿਰਦੇ ਜੋ ਮਿਰੇ ਰਹਿੰਦੇ ਸਦਾ ਘੜਦੇ ਸਕੀਮਾਂ ਨੇ,
ਸਦਾ ਇਲਜ਼ਾਮ ਉਹ ਲਾਵਣ ਮਿਰੇ 'ਤੇ ਇਸ਼ਕ ਕਰਨੇ ਦਾ।

## ਸੂਲੀ

ਸੂਲੀ ’ਤੇ ਚੜ੍ਹਕੇ ਆਖਿਆ ਸੀ ਦੋਸਤੋ ਮਨਸੂਰ ਨੇ।
ਦਰਦ ਜੋ ਦਿੰਦੇ ਹੋ ਮੈਨੂੰ ਇਹ ਦਿਲੋਂ ਮਨਜ਼ੂਰ ਨੇ।

ਮੈਂ ਬੜੇ ਲੰਬੇ ਸਫ਼ਰ ’ਤੇ ਹਾਂ ਅਜੇ ਨਾ ਕੋਲ ਆ,
ਹੌਂਸਲਾ ਕਾਇਮ ਹੈ ਭਾਵੇਂ ਪੈਰ ਥਕ ਕੇ ਚੂਰ ਨੇ।

ਮੇਰੇ ਦਿਲ ਅੰਦਰ ਤੇਰੀ ਤਸਵੀਰ ਤੋਂ ਬਿਨ ਕੁਝ ਨਹੀਂ,
ਮੈਂ ਗ਼ਜ਼ਲ ਗਾਵਾਂ ਲਿਖਾਈ ਹੈ ਜੋ ਤੇਰੇ ਨੂਰ ਨੇ।

ਇਸ ਬਹਾਨੇ ਯਾਦ ਤੇਰੀ ਹਰ ਸਮੇਂ ਤਾਜ਼ਾ ਰਹੀ,
ਦਿੱਤੀ ਹੈ ਮੈਨੂੰ ਖ਼ੁਸ਼ੀ ਤੈਥੋਂ ਮਿਲੇ ਨਾਸੂਰ ਨੇ।

ਚਲ ‘ਭੂਪਿੰਦਰ’ ਚੱਲੀਏ ਮੁੜ ਆਪਣੇ ਪੰਜਾਬ ਨੂੰ,
ਹਨ ਅਦਾਵਾਂ ਖ਼ੂਬ ਨਖ਼ਰੇ ਜਿੱਥੋਂ ਦੇ ਮਸ਼ਹੂਰ ਨੇ।



## ਸਿਆਸਤ

ਸਿਆਸਤ ਨਿੱਤ ਨਵੇਂ ਦਾਅ-ਪੇਚ ਤੇ ਪਾਖੰਡ ਰਚਾਉਂਦੀ ਹੈ।
ਸਿਆਣੇ ਬੰਦਿਆਂ ਨੂੰ ਖ਼ੂਬ ਇਹ ਮੂਰਖ਼ ਬਣਾਉਂਦੀ ਹੈ।

ਮਖੌਟਾ ਪਹਿਨ ਕੇ ਦਿੰਦੀ ਹੈ ਧੋਖਾ ਆਮ ਲੋਕਾਂ ਨੂੰ,
ਦਿਨੇ ਤਾਰੇ ਦਿਖਾਉਂਦੀ ਹੈ ਨਵੇਂ ਚੱਕਰ ਚਲਾਉਂਦੀ ਹੈ।

ਨਹੀਂ ਹੁਣ ਸਬਰ ਹੁੰਦਾ ਹੱਦ ਬੰਨੇ ਟਪ ਗਿਆ ਹਾਕਿਮ,
ਇਨ੍ਹਾਂ ਦੀ ਚਾਲ ਹਰ ਬੰਦੇ ਨੂੰ ਉਂਗਲਾਂ ’ਤੇ ਨਚਾਉਂਦੀ ਹੈ।

ਹਮੇਸ਼ਾਂ ਹੱਕ ਦੀ ਖ਼ਾਤਿਰ ਜੋ ਲੋਕੀ ਜੂਝਦੇ ਰਹਿੰਦੇ,
ਤੇ ਆਖ਼ਿਰ ਜਿੱਤ ਵੀ ਏਦਾ ਦੇ ਲੋਕਾਂ ਕੋਲ ਆਉਣੀ ਹੈ।

ਬੇਦੋਸ਼ੇ ਹੀ ਸਦਾ ਮਰਦੇ ਨੇ ਜਦ ਹੈ ਵਰਤਦਾ ਭਾਣਾ,
ਸਦਾ ਬਾਜ਼ਾਂ ਦੀ ਥਾਂ ’ਤੇ ਘੁੱਗੀਆਂ ਦੀ ਮੌਤ ਆਉਂਦੀ ਹੈ।

ਅਜੇ ਵੀ ਦਰਦ ਸਿੰਮਦਾ ਹੈ ਉਨ੍ਹਾਂ ਮਾਵਾਂ ਦੇ ਸੀਨੇ ’ਚੋਂ,
ਜਦੋਂ ਨਹਿਰਾਂ ’ਤੇ ਮੋਏ ਪੁੱਤਰਾਂ ਦੀ ਯਾਦ ਆਉਂਦੀ ਹੈ।

ਬੜੇ ਹੀ ਜ਼ਖ਼ਮ ਗ਼ਹਿਰੇ ਨੇ ਇਹ ‘ਸੱਗੂ’ ਮਿਟ ਨਹੀਂ ਸਕਦੇ,
ਮੈਂ ਰਹਿੰਨਾਂ ਹੱਸਦਾ ਪਰ ਜਾਨ ਮੇਰੀ ਤਿਲਮਿਲਾਉਂਦੀ ਹੈ।

## ਮੈਂ ਸ਼ਬਦਾਂ

ਮੈਂ ਸ਼ਬਦਾਂ ਦਾ ਜਾਦੂਗਰ ਮੈਥੋਂ ਕੋਈ ਚੰਗੇਰਾ ਨਹੀਂ।
ਮੈਂ ਬੰਦਾ ਖ਼ਾਕਸਾਰ ਜੋ ਮੈਂ ਨਹੀਂ ਮੇਰਾ ਨਹੀਂ।

ਦੇਖੀ ਨਹੀਂ ਕਲਾਕਾਰਾਂ ਨੇ ਮੇਰੀ ਕਲਾਕਾਰੀ ਅਜੇ,
ਕੋਈ ਸਾਗਰ ਮੇਰੀ ਚੁੱਭੀ ਤੋਂ ਡੂੰਘੇਰਾ ਨਹੀਂ।

ਮੈਂ ਜਦ ਚਾਹਵਾਂ ਕਲੰਦਰ ਨੂੰ ਸਿਕੰਦਰ ਕਰਾਂ,
ਮੇਰੀ ਕਲਮ 'ਚ ਜਾਦੂ ਹੈ ਕਿਸੇ 'ਚ ਏਨਾਂ ਜੇਰਾ ਨਹੀਂ।

ਮੇਰੇ ਫ਼ਨ ਕੋਲੋਂ ਸ਼ਰਮ ਖਾਵੇ ਕਲਾ ਦੀ ਪ੍ਰੀਭਾਸ਼ਾ,
ਮੈਂ ਉਹ ਕਲਾ-ਕੇਂਦਰ ਹਾਂ ਜਿਸ ਦਾ ਕੋਈ ਘੇਰਾ ਨਹੀਂ।

ਮੇਰੇ ਇਸ਼ਾਰੇ 'ਤੇ ਬਣ ਜਾਂਦਾ ਹਰਿਕ ਬੰਦਾ ਕਲਾਬਾਜ਼,
ਮੇਰੀ ਸਿਆਸਤ ਤੋਂ ਨਰਕ ਦਾ ਪੰਧ ਲੰਮੇਰਾ ਨਹੀਂ।

ਸਤਿਅਮ, ਸ਼ਿਵਮ, ਸੁੰਦਰਮ, ਨੂੰ ਮੁੜਕਾ ਆ ਜਾਵੇ,
ਕਲਾ ਦੇ ਕਾਤਿਲਾਂ ਦਾ ਕਿਤੇ ਵੀ ਪੱਕਾ ਡੇਰਾ ਨਹੀਂ।

ਇਸ ਸੁਅੰਬਰ ਤੇ ਅਡੰਬਰ ਦੀ ਰਾਜਨੀਤੀ ਵਿਚ,
ਲੋਕ ਕਿਵੇਂ ਬਣ ਜਾਂਦੇ ਕਲਾਕਾਰ 'ਸੱਗੂ' ਕੋਈ ਨ੍ਹੇਰਾ ਨਹੀਂ।



## ਪੰਡਤ, ਭਾਈ

ਪੰਡਤ, ਭਾਈ, ਮੁੱਲਾਂ ਦੀ ਨਸੀਹਤ ਨੂੰ ਕੀ ਕਰਾਂ।
ਚੂੰਹ-ਵਰਣਾਂ ਵਿਚ ਵੰਡ ਦੀ ਇਬਾਰਤ ਨੂੰ ਕੀ ਕਰਾਂ।

ਹਿਜਰ ਤੇਰੇ ਵਿਚ ਉਮਰ ਮੈਂ ਬਿਤਾਈ ਹੈ ਮੁਸਕਾ ਕੇ,
ਚੇਤਰ ਦੀ ਰੁੱਤ ਵਰਗੀ ਸਖ਼ਾਵਤ ਨੂੰ ਕੀ ਕਰਾਂ।

ਜ਼ਖ਼ਮ ਦੇਣਾ ਜ਼ੁਲਮ ਢਾਹੁਣਾ ਹੈ ਹੁਸਨ ਦਾ ਦਸਤੂਰ,
ਮਦ-ਭਰੇ ਨੈਣਾਂ ਦੀ ਇਸ ਸ਼ਰਾਰਤ ਨੂੰ ਕੀ ਕਰਾਂ।

ਇਕ ਤਰਫ਼ ਵੀਰਾਨ ਦਿਲ, ਉਸ ਤਰਫ਼ ਹੁਸਨ ਹੈ,
ਬੇ-ਪਰਵਾਹ ਉਸ ਸ਼ੋਖ਼ ਦੀ ਮੁਹੱਬਤ ਨੂੰ ਕੀ ਕਰਾਂ।

ਅਪਣੇ ਲਹੂ ਦੇ ਨਾਲ ਲਿਖ ਕੇ ਖ਼ਤ ਬੜੇ ਭੇਜੇ,
ਮ੍ਰਿਗ-ਜਾਲ ਦੇ ਬੰਧਨ ਦੀ ਵਸੀਅਤ ਨੂੰ ਕੀ ਕਰਾਂ।

## ਅਪਣੀ ਭੁੱਖ

ਅਪਣੀ ਭੁੱਖ ਨੂੰ ਆਪ ਮਿਟਾਈ ਜਾਂਦੇ ਹਾਂ।
ਤਨ-ਮਨ ਅਪਣਾ ਖ਼ੁਦ ਹੀ ਖਾਈ ਜਾਂਦੇ ਹਾਂ।

ਆਦੀ ਹੋਏ ਫਿਰਦੇ ਲੋਕ ਹਨ੍ਹੇਰੇ ਦੇ,
ਫਿਰ ਵੀ ਆਪਾਂ ਦੀਪ ਜਗਾਈ ਜਾਂਦੇ ਹਾਂ।

ਬੰਦਾ ਤਾਂ ਅੱਜ ਚੰਦਰਮਾਂ 'ਤੇ ਜਾ ਪੁੱਜਾ,
ਫਿਰ ਕਿਉਂ ਚੰਨ ਨੂੰ ਅਰਘ ਚੜ੍ਹਾਈ ਜਾਂਦੇ ਹਾਂ।

ਗੀਤਾਂ ਨੂੰ ਅੱਜ ਸਿਉਂਕ ਅਨੋਖੀ ਲੱਗੀ ਹੈ,
ਘੁਣ ਵਾਂਗੂੰ ਵਿਰਸੇ ਨੂੰ ਖਾਈ ਜਾਂਦੇ ਹਾਂ।

ਸ਼ਾਮ ਸਵੇਰੇ ਗਾਈਏ ਗੀਤ ਮੁਹੱਬਤ ਦੇ,
ਤੈਥੋਂ ਅਪਣਾ ਆਪ ਲੁਟਾਈ ਜਾਂਦੇ ਹਾਂ।

ਤੇਲ ਜੜ੍ਹਾਂ ਵਿਚ ਸਾਡੇ ਜਿਹੜੇ ਦਿੰਦੇ ਨੇ,
ਉਹਨਾਂ ਨੂੰ ਵੀ ਯਾਰ ਬਣਾਈ ਜਾਂਦੇ ਹਾਂ।

ਯਾਰ 'ਭੂਪਿੰਦਰ' ਕੰਮ ਕੋਈ ਚੰਗਾ ਕਰ ਲੈ ਤੂੰ,
ਤੈਨੂੰ ਤਰਲੇ ਮਿੰਨਤਾ ਪਾਈ ਜਾਂਦੇ ਹਾਂ।



## ਕਿਸ ਬਹਾਨੇ

ਕਿਸ ਬਹਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?
ਕਿਸ ਜ਼ਮਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

ਘਰ ਗ਼ਰੀਬਾਂ ਦੇ ਉਜਾੜੇ ਜਾ ਰਹੇ ਨਿਸਦਿਨ,
ਆਸ਼ਿਆਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

ਰੂਹ ਮੇਰੀ ਪਰਤੀ ਨਹੀਂ ਮੈਅਖ਼ਾਨਿਓ ਅਜ ਤਕ,
ਕਿਸ ਮੈਅਖ਼ਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

ਅੱਖ ਸਾਥੀ ਦੀ ਹੈ ਮੇਰੀ ਹੀ ਜੇਬ ਦੇ ਉੱਤੇ,
ਕਿਸ ਨਿਸ਼ਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

ਘਰ 'ਭੂਪਿੰਦਰ' ਰੇਤ ਦਾ ਢੇਰੀ ਹੈ ਹੋ ਜਾਣਾ,
ਕਿਸ ਅਫ਼ਸਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

ਯਾਰ ਤੇਰੇ 'ਸੱਗੂਆ' ਹੁਣ ਹੋ ਰਹੇ ਤੈਥੋਂ ਰੁਖ਼ਸਤ,
ਕਿਸ ਯਾਰਾਨੇ ਦੀ ਤੁਸੀਂ ਪਏ ਗੱਲ ਕਰਦੇ ਹੋ ?

## ਸਿਆਸੀ ਕਾਂ

ਸਿਆਸੀ ਕਾਂ ਜਿਹੇ ਨੇਤਾ ਸਦਾ ਚਾਲਾਂ ਚਲਾਂਦੇ ਨੇ।
ਇਹ ਵੋਟਾਂ ਲੈਣ ਦੀ ਖ਼ਾਤਰ ਸਦਾ ਮਸਕੇ ਲਗਾਂਦੇ ਨੇ।

ਸਿਆਸਤ ਦੇ ਇਹ ਪੱਕੇ ਦੋਗਲੇ ਕਿਰਦਾਰ ਨੇ ਯਾਰੋ,
ਘਿਨੌਣੀ ਸੋਚ ਦੇ ਹਾਮੀ ਮਖੌਟੇ ਪਾ ਦਿਖਾਂਦੇ ਨੇ।

ਇਹ ਜ਼ਾਲਿਮ ਟੱਪ ਕੇ ਬੰਨੇ ਸਦਾ ਖ਼ੁਦਗ਼ਰਜ਼ੀਆਂ ਸੋਚਣ,
ਘੁਟਾਲੇ, ਗ਼ਬਨ ਕਰਨੋਂ ਇਹ ਕਦੇ ਨਾ ਹਿਚਕਚਾਂਦੇ ਨੇ।

ਜਦੋਂ ਹੱਕਾਂ ਦੀ ਖ਼ਾਤਿਰ ਲੋਕ ਸਾਰੇ ਉਮਡ ਕੇ ਆਵਣ,
ਉਦੋਂ ਹਾਕਿਮ ਦੇ ਤਖ਼ਤੋ ਤਾਜ ਸਾਰੇ ਡਗਮਗਾਂਦੇ ਨੇ।

ਇਹ ਨੇਤਾ ਛੱਡ ਕੇ ਸ਼ੋਸ਼ੇ ਸਦਾ ਲੋਕਾਂ ਨੂੰ ਭਰਮਾਵਣ,
ਕਿ ਫ਼ਾਇਦੇ ਆਪਣੇ ਖ਼ਾਤਿਰ ਇਹ ਹੋਰਾਂ ਨੂੰ ਫਸਾਂਦੇ ਨੇ।

ਤੂੰ ਸੇਵਕ ਲੋਕਤਾ ਦਾ ਹੈਂ ਲੜੇਂ ਲੋਕਾਂ ਦੀ ਖ਼ਾਤਿਰ ਹੀ,
ਤਿਰੇ ਵਰਗੇ ਹੀ 'ਸੱਗੂ' ਆਣ ਕੇ ਗਿੱਦੜ ਭਜਾਂਦੇ ਨੇ।



## ਮੇਰਾ ਦਿਲ

ਮੇਰਾ ਦਿਲ ਦੀਵਾਨਾ ਤੇਰਾ ਸਜਣਾ ਤੈਨੂੰ ਚ੍ਹਾਵਾਂ।
ਬਿਨਾਂ ਬੁਲਾਏ ਦਰ ਤੇਰੇ 'ਤੇ ਤਾਂ ਹੀ ਆਵਾਂ ਜਾਵਾਂ।

ਤੇਰੇ ਨਾਲ ਪ੍ਰੀਤ ਹੈ ਮੇਰੀ ਨਾ ਮੈਨੂੰ ਦੁਰਕਾਰੀਂ,
ਪਾਕ-ਪਵਿੱਤਰ ਰੂਹ ਹੈ ਮੇਰੀ ਕਰਦੀ ਤੈਨੂੰ ਛਾਂਵਾਂ।

ਚੌਗਿਰਦੇ ਨੇ ਪਹਿਰੇ ਭਾਵੇਂ ਛਵੀਆਂ ਨੇਜ਼ੇ, ਛੁਰੀਆਂ,
ਫਿਰ ਵੀ ਨਾ ਪਰਵਾਹ ਹੈ ਮੈਨੂੰ ਕਾਹਨੂੰ ਮੈਂ ਘਬਰਾਵਾਂ।

ਲੋਕੀਂ ਤੈਨੂੰ ਬਾਹਰ ਢੂੰਡਣ ਪਰ ਤੂੰ ਅੰਦਰ ਵਸਦੈਂ,
ਚੁੱਪ ਚੁਪੀਤਾ ਬੈਠਾ ਘਰ ਮੈਂ, ਅਪਣਾ ਪੀਰ ਧਿਆਵਾਂ।

ਤੇਰੇ ਨੈਣਾਂ ਵਿਚ ਮੈਖ਼ਾਨੇ ਤੇ ਭਰਪੂਰ ਖ਼ਜ਼ਾਨੇ,
ਪਰ ਇਹਨਾਂ ਨੂੰ 'ਸੱਗੂ' ਕਿੱਦਾਂ ਅਪਣੀ ਝੋਲੀ ਪਾਵਾਂ।

## ਤੋੜ ਨਿਭਾਉਂਦੇ

ਤੋੜ ਨਿਭਾਉਂਦੇ ਨੇ ਉਹ ਕਸਮਾਂ ਪ੍ਰੀਤ ਦੀਆਂ।
ਆਸ਼ਿਕ ਗੱਲਾਂ ਨਾ ਕਰਦੇ ਰਹੁ-ਰੀਤ ਦੀਆਂ।

ਕਰ ਬੈਠਾਂ ਇਤਬਾਰ ਮੈਂ ਬੇਇਤਬਾਰੇ 'ਤੇ,
ਸੂਲਾਂ ਵਾਂਗੂੰ ਚੁਭੀਆਂ ਗੱਲਾਂ ਮੀਤ ਦੀਆਂ।

ਮੇਰੇ ਦਿਲ ਦੇ ਅੰਦਰ ਦਰਦ ਸਮਾਇਆ ਸੀ,
ਪੜ੍ਹ ਸਤਰਾਂ ਉਹ ਰੋਇਆ ਮੇਰੇ ਗੀਤ ਦੀਆਂ।

ਸਭਿਆਚਾਰ ਦੁਹਾਈਆਂ ਦਿੰਦਾ ਹੈ ਲੋਕੋ,
ਘਰ ਘਰ ਹੁੰਦੀਆਂ ਰਸਮਾਂ ਵੇਖ ਕੁਰੀਤ ਦੀਆਂ।

ਧਰਮ ਦੇ ਠੇਕੇਦਾਰਾਂ ਪਾੜੇ ਪਾਏ ਨੇ,
ਕਰ ਕਰ ਗੱਲਾਂ ਮੰਦਰ ਅਤੇ ਮਸੀਤ ਦੀਆਂ।

ਕੁੱਖਾਂ ਅੰਦਰ ਕੰਜਕਾਂ ਨੂੰ ਹੁਣ ਮਾਰੋ ਨਾ,
ਮਾਂ ਦਾ ਦੁੱਖ ਵੀ ਜਾਣੋ ਜਿਸ 'ਤੇ ਬੀਤ ਦੀਆਂ।

ਟੁੱਟੇ ਰਿਸ਼ਤੇ ਮੁੜ ਕੇ ਜੁੜਨੇ ਔਖੇ ਨੇ,
ਦਿਲ ਵਿਚ ਸਾਂਝਾਂ ਪਾ ਲੈ 'ਸੱਗੂ' ਪ੍ਰੀਤ ਦੀਆਂ।



## ਖ਼ੁਸ਼ੀਆਂ

ਖ਼ੁਸ਼ੀਆਂ ਵੇਲੇ ਹਰਇਕ ਰਿਸ਼ਤਾ ਮੈਨੂੰ ਕੋਲ ਬੁਲਾਵੇ।
ਔਖੇ ਵੇਲੇ ਵਿਰਲਾ ਮੇਰੀ ਹਾਲਤ ਪੁੱਛਣ ਆਵੇ।

ਹੱਥੀਂ ਛਾਂਵਾਂ ਕਰਦਾ ਸੀ ਜੋ ਅਜ ਉਹ ਵੈਰੀ ਹੋਇਆ,
ਗ਼ੈਰਾਂ ਦੇ ਸੰਗ ਮਿਲ ਕੇ ਸੱਜਣ ਮੈਨੂੰ ਨਿੱਤ ਡਰਾਵੇ।

ਰਾਹਾਂ ਦੇ ਵਿਚ ਜਾਲ ਵਿਛਾ ਕੇ ਸਾਜ਼ਿਸ਼ ਰਚੇ ਸ਼ਿਕਾਰੀ,
ਅਪਣਾ ਘਰ ਰੁਸ਼ਨਾਵਣ ਖ਼ਾਤਿਰ ਸਾਡੇ ਦੀਪ ਬੁਝਾਵੇ।

ਭੋਲਾ ਚਿਹਰਾ ਵੀ ਹੈ ਉਸਦਾ ਨਾਲੇ ਮੋਮੋਠਗਣਾਂ,
ਮੇਰੀ ਪਿੱਠ ਵਿਚ ਖ਼ੰਜਰ ਖੋਭੇ ਨਾਲੇ ਖ਼ੈਰ ਮਨਾਵੇ।

ਅਮਲਾਂ ਵਾਲਾ ਰਸਤਾ ਛਡ ਕੇ ਤੁਰਿਆ ਯਾਰ ਕੁਰਾਹੇ,
ਫਿਰ ਵੀ 'ਸੱਗੂ' ਚਾਹਵੇ ਉਸ ਨੂੰ, ਉਸ ਦੀ ਖ਼ੈਰ ਮਨਾਵੇ।

## ਤੁਸੀਂ ਚਾਰ ਦਿਨ

ਤੁਸੀਂ ਚਾਰ ਦਿਨ ਜ਼ਿੰਦਗੀ ਦੇ ਸਾਨੂੰ ਜੀਣ ਦਿੰਦੇ।
ਕਦੀਂ ਵੈਣ ਸਾਨੂੰ ਦਿੰਦੇ, ਕਦੀ ਜ਼ਹਿਰ ਪੀਣ ਦਿੰਦੇ।

ਅਸੀਂ ਵੇਖਦੇ ਜਦੋਂ ਨਿੱਤ ਮੋਢਿਆਂ 'ਤੇ ਲਾਸ਼ਾਂ,
ਤੁਸੀਂ ਰੋਣ ਵੀ ਨਾ ਦਿੰਦੇ, ਨਾ ਹੀ ਬੁੱਲ੍ਹ ਸੀਣ ਦਿੰਦੇ।

ਉੰਨੀ ਦੇਰ ਜ਼ਹਿਰੀ ਨਾਗ਼ ਯਾਰੋ ਕੀਲ ਨਹੀਂ ਹੋਣੇ,
ਜਿੰਨੀ ਦੇਰ ਨਹੀਂ ਮਾਂਦਰੀ ਨੂੰ ਤੁਸੀਂ ਬੀਨ ਦਿੰਦੇ।

ਓਦਾਂ ਫੜ ਫੜ ਸਾਨੂੰ ਨੇ ਉਹ ਸੀਨੇ ਨਾਲ ਲਾਉਂਦੇ,
ਪਿਆਰ ਸਾਡੇ ਸਿਰ ਉੱਤੇ ਪਰ ਮੋਹ-ਹੀਣ ਦਿੰਦੇ।

'ਸੱਗੂ' ਅਪਣੇ ਨੁਮਾਇੰਦੇ ਅਸੀਂ ਚੁਣਿਆਂ ਜਿਨ੍ਹਾਂ ਨੂੰ,
ਉਨ੍ਹਾਂ ਭਰ ਲਈ ਤਿਜੌਰੀ ਸਾਨੂੰ ਗੀਣ ਗੀਣ ਦਿੰਦੇ।



## ਬੜੇ ਚਿਰ

ਬੜੇ ਚਿਰ ਤੋਂ ਮਿਰੇ ਯਾਰਾ ਤਿਰੀ ਮੈਂ ਭਾਲ ਕਰਦਾ ਹਾਂ।
ਨਾ ਜਾਣੇ ਤੂੰ ਮੈਂ ਕਿੰਨਾ ਪਿਆਰ ਤੇਰੇ ਨਾਲ ਕਰਦਾ ਹਾਂ।

ਜਦੋਂ ਤੂੰ ਪਾਸ ਨਾ ਹੋਵੇਂ ਮਿਰਾ ਦਿਲ ਚੀਖ਼ ਉਠਦਾ ਹੈ,
ਮੈਂ ਤੇਰੀ ਯਾਦ ਦੇ ਵਿਚ ਰੋ ਰੋ ਅੱਖਾਂ ਲਾਲ ਕਰਦਾ ਹਾਂ।

ਕਿਵੇਂ ਰਿਸਦੇ ਮਿਰੇ ਪੈਰਾਂ ਦੇ ਛਾਲੇ ਤੂੰ ਜ਼ਰਾ ਦੇਖੀਂ,
ਤਿਰੀ ਮੈਂ ਪੈੜ ਲੱਭਦਾ ਆਪ ਨੂੰ ਬੇਹਾਲ ਕਰਦਾ ਹਾਂ।

ਕਦੇ ਜੰਗਲ, ਕਦੇ ਪਰਬਤ, ਕਦੇ ਸਾਗਰ, ਕਦੇ ਸਹਿਰਾ,
ਮੈਂ ਤੇਰੀ ਭਾਲ ਵਿਚ ਅਪਣੇ ਸਮਰਪਤ ਸਾਲ ਕਰਦਾ ਹਾਂ।

ਮਿਰਾ ਦਿਲ ਝੂਮ ਉਠਦਾ ਹੈ ਜਦੋਂ 'ਸੱਗੂ' ਰਵ੍ਹੇ ਘਰ ਵਿਚ,
ਖ਼ੁਸ਼ੀ ਵਿਚ ਗੁੰਮ ਕੇ ਮੈਂ ਆਪਣੀ ਹੀ ਭਾਲ ਕਰਦਾ ਹਾਂ।

## ਤੂੰ ਮੇਰੇ ਵਲ

ਤੂੰ ਮੇਰੇ ਵਲ ਨਾ ਏਦਾਂ ਦੇਖਿਆ ਕਰ ਮੁਸਕਰਾ ਕੇ।
ਕਿ ਵੇਖਣ ਲੋਕ ਮੇਰੇ ਵਲ ਨਾ ਇਉਂ ਨਜ਼ਰਾਂ ਉਠਾ ਕੇ।

ਛੁਰੀ ਦੇ ਵਾਂਗ ਉਸ ਦੀ ਜੀਭ ਤੇ ਭੋਲਾ ਹੈ ਮੁੱਖ ਦਾ,
ਮਗਰ ਮਿਲਦਾ ਉਹ ਸਾਨੂੰ ਰੋਜ਼ ਯਾਰੋ ਸਿਰ ਨਿਵਾ ਕੇ।

ਦੁਆਵਾਂ ਮੇਰੀਆਂ ਮੰਗਦਾ ਮਗਰ ਹੈ ਦਿਲ ਦਾ ਮਾੜਾ,
ਬੜੇ ਖੇਖਨ ਜਿਹੇ ਕਰਦਾ ਉਹ ਰੱਖੇ ਮੂੰਹ ਛੁਪਾ ਕੇ।

ਦਲੀਲਾਂ ਦਾ ਬੜਾ ਉਹ ਮਾਹਰ ਪਰ ਖਾਂਦਾ ਹੈ ਚੰਦਾ,
ਲਏ ਸਭ ਛਕ ਛਕਾ ਫੰਡ ਓਸ ਨੇ ਲੱਡੂ ਬਣਾ ਕੇ।

ਕਸਾਈ ਹੈ ਇਨ੍ਹਾਂ ਨੂੰ ਘਰ ਲਿਜਾ ਕੇ ਮਾਰਦਾ ਹੈ,
ਉਹ 'ਸੱਗੂ' ਲੈ ਗਿਆ ਫਿਰ ਪੰਛੀਆਂ ਨੂੰ ਵਰਗਲਾ ਕੇ।



## ਤੇਰੇ ਹੁਸਨ

ਤੇਰੇ ਹੁਸਨ ਦਾ ਜਦ ਤੋਂ ਦੀਦਾਰ ਹੋ ਗਿਆ ਹੈ।
ਮੂਸਾ ਦੇ ਵਾਂਗ ਜੀਣਾ ਦੁਸ਼ਵਾਰ ਹੋ ਗਿਆ ਹੈ।

ਜੁਗਨੂੰ ਦੀ ਅੱਖ ਅੰਦਰ ਸੂਰਜ ਸਮਾ ਗਿਆ ਏ,
ਕਰਤਾ ਜਿਵੇਂ ਨਿਮਾਣਾ ਮੰਝਧਾਰ ਹੋ ਗਿਆ ਹੈ।

ਮੰਜ਼ਿਲ ਤੋਂ ਦੂਰ ਕੋਈ ਮਰਨਾ ਉਡੀਕਦਾ ਏ,
ਜੀਵਨ ਦਾ ਹਮਸਫ਼ਰ ਜੋ ਲਾਚਾਰ ਹੋ ਗਿਆ ਹੈ।

ਮੈਂ ਲਾਰਿਆਂ ਦੇ ਡਰ ਤੋਂ ਵਾਕਿਫ਼ ਬੜਾ ਹਾਂ ਲੇਕਨ,
ਝੂਠੇ ਦੇ ਨਾਲ ਫਿਰ ਵੀ ਇਕਰਾਰ ਹੋ ਗਿਆ ਹੈ।

ਹੁਣ ਪੀਣ ਦੀ ਰਹੀ ਨਾ ਕੋਈ ਵੀ ਲੋੜ ਯਾਰਾ,
ਤੇਰੀ ਨਜ਼ਰ 'ਚੋਂ ਪੀ ਦਿਲ ਸਰਸ਼ਾਰ ਹੋ ਗਿਆ ਹੈ।

ਗ਼ੈਰਾਂ 'ਤੇ ਕੀ ਗ਼ਿਲਾ ਹੈ ਕਿਸਮਤ 'ਤੇ ਰੋਸ ਕਾਹਦਾ,
ਦੁਸ਼ਮਣ ਤੋਂ ਵਧ ਕੇ ਜਦ ਤੋਂ ਦਿਲਦਾਰ ਹੋ ਗਿਆ ਹੈ।

ਕੋਈ ਨਾਮੁਰਾਦ ਮੇਰੇ ਸੁਪਨੇ ਜਲਾ ਗਿਆ ਏ,
'ਸੱਗੂ' ਤਿਰਾ ਹਰ ਅੱਥਰੂ ਅੰਗਿਆਰ ਹੋ ਗਿਆ ਹੈ।

## ਸੇਜ

ਸੇਜ ਫੁੱਲਾਂ ਦੀ ਨਹੀਂ ਇਹ ਜ਼ਿੰਦਗੀ ਹੈ ਖ਼ਾਰ ਵੀ।
ਮੁਸ਼ਕਿਲਾਂ ਤੇ ਔਕੜਾਂ ਦਾ ਸਿਰ ’ਤੇ ਇਸ ਦੇ ਭਾਰ ਵੀ।

ਘਾਲਣਾ ਹੈ ਜ਼ਿੰਦਗੀ ਭਾਵੇਂ ਹੈ ਇਹ ਦੁਸ਼ਵਾਰ ਵੀ,
ਹਨ ਖ਼ਿਜ਼ਾਵਾਂ ਏਸ ਵਿਚ ਹੈ ਦੋਸਤੋ ਗੁਲਜ਼ਾਰ ਵੀ।

ਨਾਲ ਦੇ ਤੇਰੇ ਗਏ ਹਨ ਦੂਰ, ਜਾ ਕੇ ਨਾਲ ਰਲ,
ਰੱਖ ਨਰੋਈ ਸੋਚ ਤੇ ਕਰ ਤੇਜ਼ ਕੁਝ ਰਫ਼ਤਾਰ ਵੀ।

ਓਸ ਦੇ ਬਿਨ ਕੁਝ ਨਹੀਂ ਹੈ ਏਸ ਦੁਨੀਆਂ ’ਤੇ ਮਿਰਾ,
ਉਹ ਮਿਰਾ ਰਬ ਹੈ, ਖ਼ੁਦਾ ਹੈ, ਪਿਆਰ ਵੀ ਤੇ ਯਾਰ ਵੀ।

ਕੌਣ ਅਪਣਾ ਜਾਂ ਪਰਾਇਆ ਭੇਦ ਸਾਰੇ ਛੱਡ ਦੇ,
ਦੋਸਤਾਂ ਦੇ ਨਾਲ ਲੈ ਤੂੰ ਦੁਸ਼ਮਣਾ ਦੀ ਸਾਰ ਵੀ।

ਜ਼ਿੰਦਗੀ ਆਸਾਨ ਹੈ ਕਦ ‘ਸੱਗੂ’ ਇਹ ਸੰਘਰਸ਼ ਹੈ,
ਸ਼ਾਂਤ ਰਹਿ, ਛਡਦੇ ਤੂੰ ਕਰਨਾ ਰੋਜ਼ ਦਾ ਤਕਰਾਰ ਵੀ।